੨੯ਵਾਂ ਸਾਲ

# ਵਰਿਆਮ

ਅਗਸਤ,੨੦੦੧



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਪਰਸਿਧ ਵਿਦਵਾਨ
# ਜਥੇਦਾਰ ਸੇਵਾ ਸਿੰਘ ਦਿੱਲੀ
# ਬਾਰੇ
# ਲੇਖ ਅੰਦਰ ਪੜ੍ਹੋ




ਜਥੇਦਾਰ ਸੇਵਾ ਸਿੰਘ ਯੂ. ਕੇ. ਦੇ ਇਕ ਦੀਵਾਨ ਵਿਚ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਗਸਤ ੨੦੦੧
ਜਿਲਦ-੨੯
ਅੰਕ-੧੦

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
56289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਫਲਾਪ ਸ਼ੋਅ - *ਜਗਦੀਸ਼ ਸਿੰਘ* ----------- ੨
ਮਾਏ ਨੀ ਇਕ ਲੋਰੀ ਦੇ ਦੇ - *ਗੁਰਭਜਨ ਗਿੱਲ* -- ੩
ਸਿਰਫ ਅਕਾਂਖਿਆਵਾਂ ਨਾਲ
ਅਕਸ ਨਹੀਂ ਬਣਦੇ- *ਅਨੁਭਵੀ ਸਿੰਘ* ------- ੫
ਨਸ਼ਿਆਂ ਦੇ ਖਿਲਾਫ਼ 'ਲੋਕ ਚੇਤਨਾ ਲਹਿਰ'
ਉਸਾਰੀਏ -*ਪ੍ਰੋ ਗੁਰਭਜਨ ਸਿੰਘ ਗਿੱਲ*------ ੭
ਸੀਮਾ ਤੇ ਖਲੋਤਾ ਰੁੱਖ -*ਸ਼ਿਵ ਨਾਥ* -------- ੧੦
ਮੁਸਕਰਾਉਣਾ ਜ਼ਿੰਦਗੀ ਹੈ (ਗੀਤ)
- *ਇੰਦਰਜੀਤ ਹੁਸਨਪੁਰੀ*----- ੧੧
ਗ਼ਜ਼ਲ - *ਮਹਾਂਬੀਰ ਸਿੰਘ ਦਰਦੀ* -------- ੧੧
ਲੋਗੁ ਜਾਨੈ ਇਹੁ ਗੀਤ ਹੈ
ਇਹੁ ਤਉ ਬ੍ਰਹਮ ਬੀਚਾਰ- *ਡਾ. ਕੁਲਵੰਤ ਕੌਰ* -- ੧੩
ਜਥੇਦਾਰ ਸੇਵਾ ਸਿੰਘ ਦਿਲੀ
ਦੀ ਸਿਲਵਰ ਜੁਬਲੀ - *ਜਗਦੀਸ਼ ਸਿੰਘ* ---- ੧੭
ਤੇਰਾ ਕੀਤਾ ਜਾਤੋ ਨਾਹੀ - *ਤਰਲੋਕ ਮਨਸੂਰ* --- ੨੧
ਕਰੋੜਪਤੀ - ਕਹਾਣੀ - *ਪਿਆਰਾ ਸਿੰਘ ਦਾਤਾ* ੨੪
ਆਪਣੇ ਹਿੱਸੇ ਦੀ ਮਿੱਟੀ ਸਮੀਖਿਆ
- *ਸੁਵਰਣ ਸਿੰਘ ਵਿਰਕ* ---- ੨੯

## ਡਾ. ਐਸ. ਪੀ. ਸਿੰਘ

ਸਾਡੇ ਮਿੱਤਰ ਡਾ. ਐਸ. ਪੀ. ਸਿੰਘ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਵਾਈਸ ਚਾਂਸਲਰ ਨਿਯੁਕਤ ਹੋਏ ਹਨ। ਉਹਨਾਂ ਦੀ ਕਾਰਜਸ਼ੀਲਤਾ ਅਤੇ ਕੁਸ਼ਲਤਾ ਦਾ ਲੰਮਾ ਇਤਿਹਾਸ ਹੈ। ਪੰਜਾਬ ਸਾਹਿਤ ਅਤੇ ਭਾਸ਼ਾ ਸੰਬੰਧੀ ਅਨੇਕਾਂ ਸਰਗਰਮੀਆਂ ਨਾਲ ਉਹ ਜੁੜੇ ਰਹੇ ਹਨ। ਉਹਨਾਂ ਦੀ ਨਿਯੁਕਤੀ ਤੋਂ ਪੰਜਾਬੀ ਜਗਤ ਨੂੰ ਵਡੀਆਂ ਆਸਾਂ ਹਨ। ਵਧਾਈਆਂ ਅਤੇ ਸਹਿਯੋਗ ਅਰਪਿਤ ਹੈ।

—*ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਅਗਸਤ ੨੦੦੧
ਜਿਲਦ-੨੬
ਅੰਕ-੧੦

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

ਫੋਨ-ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
56289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਫਲਾਪ ਸ਼ੋਅ - *ਜਗਦੀਸ਼ ਸਿੰਘ* ----------- ੨
ਮਾਏ ਨੀ ਇਕ ਲੋਰੀ ਦੇ ਦੇ - *ਗੁਰਭਜਨ ਗਿੱਲ* -- ੩
ਸਿਰਫ ਅਕਾਂਖਿਆਵਾਂ ਨਾਲ
ਅਕਸ ਨਹੀਂ ਬਣਦੇ- *ਅਨੁਭਵੀ ਸਿੰਘ* ------- ੫
ਨਸ਼ਿਆਂ ਦੇ ਖਿਲਾਫ਼ 'ਲੋਕ ਚੇਤਨਾ ਲਹਿਰ'
ਉਸਾਰੀਏ -*ਪ੍ਰੋ ਗੁਰਭਜਨ ਸਿੰਘ ਗਿੱਲ* ------ ੭
ਸੀਮਾ ਤੇ ਖਲੋਤਾ ਰੁੱਖ -*ਸ਼ਿਵ ਨਾਥ* -------- ੧੦
ਮੁਸਕਰਾਉਣਾ ਜ਼ਿੰਦਗੀ ਹੈ (ਗੀਤ)
- *ਇੰਦਰਜੀਤ ਹੁਸਨਪੁਰੀ* ------ ੧੧
ਗ਼ਜ਼ਲ - *ਮਹਾਂਬੀਰ ਸਿੰਘ ਦਰਦੀ* --------- ੧੧
ਲੋਗੁ ਜਾਨੈ ਇਹੁ ਗੀਤ ਹੈ
ਇਹੁ ਤਉ ਬ੍ਰਹਮ ਬੀਚਾਰ- *ਡਾ. ਕੁਲਵੰਤ ਕੌਰ* -- ੧੩
ਜਥੇਦਾਰ ਸੇਵਾ ਸਿੰਘ ਦਿਲੀ
ਦੀ ਸਿਲਵਰ ਜੁਬਲੀ - *ਜਗਦੀਸ਼ ਸਿੰਘ* ---- ੧੭
ਤੇਰਾ ਕੀਤਾ ਜਾਤੋ ਨਾਹੀ - *ਤਰਲੋਕ ਮਨਸੂਰ* --- ੨੧
ਕਰੋੜਪਤੀ - ਕਹਾਣੀ - *ਪਿਆਰਾ ਸਿੰਘ ਦਾਤਾ* ੨੪
ਆਪਣੇ ਹਿੱਸੇ ਦੀ ਮਿੱਟੀ ਸਮੀਖਿਆ
- *ਸੁਵਰਣ ਸਿੰਘ ਵਿਰਕ* ---- ੨੯


## ਡਾ. ਐਸ. ਪੀ. ਸਿੰਘ

ਸਾਡੇ ਮਿੱਤਰ ਡਾ. ਐਸ. ਪੀ. ਸਿੰਘ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਵਾਈਸ ਚਾਂਸਲਰ ਨਿਯੁਕਤ ਹੋਏ ਹਨ। ਉਹਨਾਂ ਦੀ ਕਾਰਜਸ਼ੀਲਤਾ ਅਤੇ ਕੁਸ਼ਲਤਾ ਦਾ ਲੰਮਾ ਇਤਿਹਾਸ ਹੈ। ਪੰਜਾਬ ਸਾਹਿਤ ਅਤੇ ਭਾਸ਼ਾ ਸੰਬੰਧੀ ਅਨੇਕਾਂ ਸਰਗਰਮੀਆਂ ਨਾਲ ਉਹ ਜੁੜੇ ਰਹੇ ਹਨ। ਉਹਨਾਂ ਦੀ ਨਿਯੁਕਤੀ ਤੋਂ ਪੰਜਾਬੀ ਜਗਤ ਨੂੰ ਵਡੀਆਂ ਆਸਾਂ ਹਨ। ਵਧਾਈਆਂ ਅਤੇ ਸਹਿਯੋਗ ਅਰਪਿਤ ਹੈ।

—*ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਫਲਾਪ ਸ਼ੋਅ

— ਆਗਰਾ ਸਿਖਰ ਸੰਮੇਲਣ ਨੂੰ ਦੋਹਾਂ ਸਰਕਾਰਾਂ (ਭਾਰਤ ਅਤੇ ਪਾਕਿਸਤਾਨ) ਵਲੋਂ ਲਾਹੇਵੰਦ ਅਤੇ ਫੇਲ ਹੋਈ ਦਸਣ ਦੇ ਨਾਲ ਕਸ਼ਮੀਰ ਵਿਚ 'ਬੇਗੁਨਾਹਾਂ' ਅਤੇ 'ਗੁਨਹਾਗਾਰਾਂ' ਦੇ ਖੂਨ ਡੁਲਣ ਵਿਚ ਵਾਧਾ ਹੋ ਗਿਆ ਹੈ। ਆਗਰਾ ਵਿਚ ਹੋਈ ਇਹ ਵਾਰਤਾ ਹੋਰ ਕੁਝ ਹੋਵੇ ਨਾ ਹੋਵੇ ਇਕ ਬਹੁਤ ਵਡਾ ਤਮਾਸ਼ਾ ਜ਼ਰੂਰ ਸੀ। ਲੋਕ ਟੈਲੀ-ਸੈਟਾਂ ਦੇ ਸਾਹਮਣੇ ਦਿਨੇ ਰਾਤ ਗੜੂੰਦ ਹੋਏ ਵੱਖ-ਵੱਖ ਮਾਹਰਾਂ ਦੀ ਗਿਆਨ-ਕਲਾ ਦੇ ਜਲਵੇ ਇਕ ਵਾਰ ਫੇਰ ਵੇਖਣ ਨੂੰ ਮਜਬੂਰ ਰਹੇ। ਏਡੇ ਵੱਡੇ ਫਲਾਪ ਸ਼ੋਅ ਕਾਰਨ ਵਗਣ ਵਾਲੇ ਖੂਨ ਦਾ ਕੌਣ ਜ਼ਿੰਮੇਵਾਰ ਹੈ ?

— 'ਡਾਕੂ ਸੁੰਦਰੀ' ਫੂਲਨ ਦੇਵੀ ਦਾ ਕਤਲ ਹੋ ਗਿਆ ਹੈ। ਫੂਲਨ ਦੇਵੀ ਦਾ ਜੀਵਨ ਇਕ ਫਿਲਮ ਦੀ ਬਣੀ ਬਣਾਈ ਪੱਟ ਕੱਥਾ ਵਾਂਗ ਹੈ। ਅਤੇ ਇਸ ਤੇ ਫਿਲਮ ਬਣੀ ਵੀ। ਇਕ ਜ਼ਿਲਤ ਭਰੀ ਜ਼ਿੰਦਗੀ ਅਤੇ ਬਦਲਾ ਲੈਣ ਦੀ ਭਾਵਨਾ, ਕਤਲੇਆਮ, ਪੁਲਿਸ ਮੁਕਾਬਲੇ, ਆਤਮ ਸਮਰਪਣ ਅਤੇ ਜੇਲ ਯਾਤਰਾ, ਪਾਰਲੀਮੈਂਟ ਦੀ ਮੈਂਬਰੀ ਅਤੇ ਪਾਰਲੀਮੈਂਟ ਤੋਂ ਥੋਹੜੀ ਦੂਰੀ ਤੇ ਹੀ ਕਤਲ ਨਾਲ ਜੀਵਨ-ਨਾਟਕ ਦਾ ਪਰਦਾ ਡਿੱਗ ਪਿਆ। ਇਕ ਪਰਦਾ ਡਿਗ ਪਿਆ ਇਕ ਪਰਦਾ ਉੱਠ ਗਿਆ। ਫੂਲਨ ਦੇ ਦੁਸ਼ਮਣਾਂ ਅਤੇ ਮਿਤਰਾਂ ਦੀ ਗਿਣਤੀ ਬਹੁਤ ਹੈ। ਚੰਬਲ ਦੀ ਘਾਟੀ ਵਿਚ ਨਿਤ ਚਲਦੀਆਂ ਗੋਲੀਆਂ ਵਿਚੋਂ ਉਹ ਬੱਚ ਗਈ ਅਤੇ ਰਾਜਧਾਨੀ ਦਿੱਲੀ ਦੇ ਅਤਿ ਸੁਰੱਖਿਅਤ ਜ਼ੋਨ ਵਿਚ ਸਰਕਾਰੀ ਸੱਤਾ ਦੇ ਸਿੰਘਾਸਣ ਦੇ ਐਨ ਹੇਠ ਮਾਰੀ ਗਈ। ਪਰਦਾ ਸਰਕਾਰ ਦੀ ਸਮਰੱਥਾ, ਕਾਰਗੁਜ਼ਾਰੀ, ਸਤਰਕਤਾ ਸਭ ਤੋਂ ਉਠਿਆ ਹੈ।

— ਗਲੀ ਗਲੀ ਵਿਚ ਬਿਊਟੀ ਪਾਰਲਰ ਖੁਲ ਗਏ ਹਨ। ਘਰ ਘਰ ਵਿਚ ਬੂਟੀਕ ਹੈ। ਸ਼ਹਿਰ ਸ਼ਹਿਰ ਸੁੰਦਰਤਾ ਮੁਕਾਬਲੇ ਹੋ ਰਹੇ ਹਨ। ਭਾਰਤ ਦੀਆਂ ਕੁੜੀਆਂ ਸੰਸਾਰ ਦੀਆਂ ਸੁੰਦਰਤਾ ਰਾਣੀਆਂ ਐਲਾਨੀਆਂ ਜਾ ਰਹੀਆਂ ਹਨ। ਟੀ. ਵੀ. ਦੇ ਬੇ. ਸ਼ੁਮਾਰ ਚੈਨਲ ਨੰਗ ਮੁਨੰਗੇ ਨਚਾਰਾਂ ਦੇ ਗਾਣਿਆਂ ਨਾਲ ਦਿਨ ਰਾਤ ਚਲ ਰਹੇ ਹਨ। ਘਰ ਘਰ ਟੈਲੀਫੋਨ ਆ ਰਹੇ ਹਨ ਜੀ ਸਾਡੇ ਕੋਲੋਂ ਪੈਸੇ ਲਵੋ ਤੇ ਨਵੀਂ ਕਾਰ ਲੈ ਲਵੋ। ਅਸੀਂ ਤੁਹਾਨੂੰ ਬਹੁਤ ਸਸਤਾ ਟੈਲੀਫੋਨ ਦਿਆਂਗੇ। ਜਾਪਦਾ ਹੈ ਕਿ ਪੈਸੇ ਦਾ ਹੜ ਆ ਗਿਆ ਹੈ। ਨਾਲ ਦੀ ਨਾਲ ਵੱਡੀਆਂ ਵੱਡੀਆਂ ਫਾਈਨੈਂਸ ਕੰਪਨੀਆਂ ਇਕ ਤੋਂ ਬਾਦ ਇਕ ਫ਼ੇਲ ਹੋ ਰਹੀਆਂ ਹਨ। ਭਾਰਤ ਸਰਕਾਰ ਦੀ ਸਰਪ੍ਰਸਤੀ ਵਾਲਾ ਅਦਾਰਾ ਯੂਨਿਟ ਟਰੱਸਟ ਆਫ ਇੰਡੀਆ ਦਾ ਹੀ ਭੱਠਾ ਬੈਠ ਗਿਆ ਹੈ। ਡਾਲਰ ਤੇ ਪੌਂਡ ਖਰੀਦਣ ਲਈ ਹੋਰ ਰੁਪਏ ਦੇਣੇ ਪੈਣਗੇ। ਇਹ ਫਲਾਪ ਸ਼ੋਅ ਆਗਰੇ ਤੋਂ ਵੀ ਵੱਡਾ ਹੈ।

ਪੰਦਰਾਂ ਅਗਸਤ ਆ ਰਹੀ ਹੈ। ਪੂਰੇ ਚੁਰੰਜਾ ਸਾਲ ਹੋ ਜਾਣਗੇ ਆਜ਼ਾਦੀ ਆਈ ਨੂੰ। ਇਸ ਦਿਨ ਆਜ਼ਾਦੀ ਦੀਆਂ ਬਰਕਤਾਂ ਦੇ ਗੁਣ ਗਾਏ ਜਾਣਗੇ। ਮੁੜ ਭਾਸ਼ਣ ਦਿਖਾਏ ਜਾਣਗੇ। ਦੇਸ਼ ਅਤੇ ਪਾਰਟੀਆਂ ਦੀਆਂ ਪ੍ਰਾਪਤੀਆਂ ਦਾ ਗੁਣ ਗਾਣ ਹੋਵੇਗਾ। ਦੂਜੇ ਪਾਸੇ ਬੇਕਾਰ ਗਭਰੂਆਂ ਦਾ ਇਕ ਵੱਡਾ ਲਸ਼ਕਰ ਤਿਆਰ ਹੈ। ਜੋ ਜਾਂ ਤਾਂ ਟੀ. ਵੀ. ਪ੍ਰੋਗਰਾਮਾਂ ਰਾਹੀਂ ਕਰੋੜਪਤੀ ਬਨਣ ਨੂੰ ਸੋਚ ਰਿਹਾ ਹੈ ਜਾਂ ਚੋਰੀ ਛੁਪੀਂ ਬਦੇਸ਼ਾਂ ਵਲ ਭਜਣ ਲਈ ਤਿਆਰ ਹੈ। ਇਹਨਾਂ ਦੇ ਹੱਥਾਂ ਵਿਚ ਡਿਗਰੀਆਂ ਹਨ। ਇਹ ਡਿਗਰੀਆਂ ਖੋਹ ਕੇ ਇਹਨਾਂ ਹੱਥਾਂ ਵਿਚ ਬੰਦੂਕਾਂ ਫੜਾਉਣ ਵਾਲੇ ਵੀ ਤਿਆਰ ਹਨ। ਜਿਨ੍ਹੇ ਨਾਜ਼ ਥਾ ਹਿੰਦ ਪਰ ਵਹੁ ਕਹਾਂ ਹੈਂ — ?

ਕਿਹੜੇ ਕਿਹੜੇ ਫਲਾਪ ਸ਼ੋਅ ਦੀ ਗਲ ਕਰੀਏ।

*—ਜਗਦੀਸ਼ ਸਿੰਘ*

## ਕੇਹਰ ਸਿੰਘ ਹਮਰਾਹੀ ਨਹੀਂ ਰਹੇ

ਵਰਿਆਮ ਦੇ ਸ਼ੁਭ ਚਿੰਤਕ ਅਤੇ ਮਿਤਰ ਸ. ਕੇਹਰ ਸਿੰਘ ਹਮਰਾਹੀ ਸ੍ਰੀ ਭੈਣੀ ਸਾਹਿਬ ਵਿਚ ੧੫ ਜੁਲਾਈ ੨੦੦੧ ਨੂੰ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਇਕ ਸਮਰਥ ਸ਼ਾਇਰ ਅਤੇ ਸਫਲ ਕਾਰੋਬਾਰੀ ਹਮਰਾਹੀ ਪਿਛਲੇ ਕਈ ਸਾਲਾਂ ਤੋਂ ਸਰੀਰਕ ਬੀਮਾਰੀਆਂ ਦਾ ਮੁਕਾਬਲਾ ਕਰਦੇ ਹੋਏ ਵੀ ਸੁਚੇਤ ਰਹੇ ਹਨ ਆਪ ਪ੍ਰਸਿਧ ਨਾਮਧਾਰੀ ਲੇਖਕ ਸ. ਪ੍ਰੀਤਮ ਸਿੰਘ ਕਵੀ ਦੇ ਦਾਮਾਦ ਸਨ। ਹਮਰਾਹੀ ਦੇ ਜਾਣ ਦਾ ਸਾਨੂੰ ਬੁਹਤ ਜ਼ਾਤੀ ਘਾਟਾ ਪਿਆ ਹੈ। ਅਦਾਰਾ ਵਰਿਆਮ ਬੀਬੀ ਕੁਲਵੰਤ ਕੌਰ 'ਕੂਕੂ' ਸ. ਪ੍ਰੀਤਮ ਸਿੰਘ ਕਵੀ ਅਤੇ ਸਾਰੇ ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਮਾਏ ਨੀ ਇੱਕ ਲੋਰੀ ਦੇ ਦੇ

—ਗੁਰਭਜਨ ਗਿੱਲ

ਮਾਏ ਨੀ ਅਣਜੰਮੀ ਧੀ ਨੂੰ ਆਪਣੇ ਨਾਲੋਂ ਵਿੱਛੜੇ ਜੀਅ ਨੂੰ,
ਜਾਂਦੀ ਵਾਰੀ ਮਾਏ ਨੀ ਇੱਕ ਲੋਰੀ ਦੇ ਦੇ।
ਬਾਬਲ ਤੋਂ ਭਾਵੇਂ ਚੋਰੀ ਨੀ ਇੱਕ ਲੋਰੀ ਦੇ ਦੇ।
ਮੰਨਿਆ ਤੇਰੇ ਘਰ ਸੀ ਵਧ ਗਏ ਧੀਆਂ ਵਾਲੇ ਗੁੱਡੀ-ਪਟੋਲੇ
ਤੇਰੇ ਦਿਲ ਦਾ ਹਾਉਕਾ ਨੀ ਮੈਂ ਸੁਣਦੀ ਰਹੀਆਂ ਤੇਰੇ ਓਹਲੇ
ਮੈਨੂੰ ਮਾਰ ਮੁਕਾਉਣ ਦੀ ਗੱਲ ਕਿਉਂ ਤੂੰਹੀਓਂ ਪਹਿਲਾਂ ਤੋਰੀ।
ਨੀ ਇੱਕ ਲੋਰੀ ਦੇ ਦੇ ..............

ਮਾਏ ਨੀ ਮੇਰੀ ਨਾਨੀ ਦੇ ਘਰ ਤੂੰ ਵੀ ਸੀ ਕਦੇ ਧੀ ਬਣ ਜੰਮੀ।
ਕੁੱਖ ਵਿੱਚ ਕਤਲ ਕਰਾਵਣ ਵਾਲੀ ਕਿਉਂ ਕੀਤੀ ਤੂੰ ਗੱਲ ਨਿਕੰਮੀ।
ਵੀਰਾ ਲੱਭਦੀ ਲੱਭਦੀ ਹੋ ਗਈ ਕਿਉਂ ਮਮਤਾ ਤੋਂ ਕੋਰੀ ?
ਨੀ ਇੱਕ ਲੋਰੀ ਦੇ ਦੇ ..........।

ਮਾਏ ਨੀ ਤੇਰੀ ਗੋਦੀ ਅੰਦਰ ਬੈਠਣ ਨੂੰ ਮੇਰਾ ਜੀਅ ਕਰਦਾ ਸੀ।
ਬਾਬਲ ਦੀ ਤਿਊੜੀ ਨੂੰ ਤੱਕ ਕੇ ਹਰ ਵਾਰੀ ਮੇਰਾ ਜੀਅ ਡਰਦਾ ਸੀ।
ਧੀਆਂ ਬਣ ਕੇ ਜੰਮਣਾ ਏਥੇ ਕਿਉਂ ਬਣੀ ਕਮਜ਼ੋਰੀ ?
ਨੀ ਇੱਕ ਲੋਰੀ ਦੇ ਦੇ ..........।

ਹਸਪਤਾਲ ਦੇ ਕਮਰੇ ਅੰਦਰ ਪਈਆਂ ਸਨ ਜੋ ਅਜਬ ਮਸ਼ੀਨਾਂ।
ਪੁੱਤਰਾਂ ਨੂੰ ਇਹ ਕੁਝ ਨਾ ਆਖਣ ਸਾਡੇ ਲਈ ਕਿਉਂ ਬਣਨ ਸੰਗੀਨਾਂ?
ਡਾਕਟਰਾਂ ਚਹੁੰ ਸਿੱਕਿਆਂ ਖਾਤਰ ਕੱਟੀ ਜੀਵਨ-ਡੋਰੀ
ਨੀ ਇੱਕ ਲੋਰੀ ਦੇ ਦੇ ..........।

ਧੀ ਤਿਤਲੀ ਦੇ ਮਸਲਣ ਵੇਲੇ ਚੁੱਪ ਖੜ੍ਹੇ ਕਿਉਂ ਧਰਮਾਂ ਵਾਲੇ।
ਗੂੰਗੇ ਬੋਲੇ ਹੋ ਗਏ ਸਾਰੇ ਨੱਕ ਨਮੂਜਾਂ ਸ਼ਰਮਾਂ ਵਾਲੇ।
ਬਿਨ ਡੋਲੀ ਤੋਂ ਧਰਮੀ ਮਾਪਿਆਂ ਕਿੱਧਰ ਨੂੰ ਧੀ ਤੋਰੀ
ਨੀ ਇੱਕ ਲੋਰੀ ਦੇ ਦੇ ..........।

ਸੁੱਤਿਆਂ ਲਈ ਸੌ ਯਤਨ ਵਸੀਲੇ ਜਾਗਦਿਆਂ ਨੂੰ ਕਿਵੇਂ ਜਗਾਵਾਂ।
ਰੱਖੜੀ ਦੀ ਤੰਦ ਖ਼ਤਰੇ ਵਿੱਚ ਹੈ ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ।
ਅੰਮੜੀਏ ਮੈਨੂੰ ਗੁੜ੍ਹਤੀ ਦੀ ਥਾਂ ਦਿਹ ਨਾ ਜ਼ਹਿਰ-ਕਟੋਰੀ
ਨੀ ਇੱਕ ਲੋਰੀ ਦੇ ਦੇ ..........।

੧੧੩ ਐੱਫ਼, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ ੧੪੧੦੦੨



Sri Satguru Jagjit Singh Ji eLibrary NamdhariElibrary@gmail.com

https://archive.org/details/namdhari



☎ 61040
Code : 01824

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

https://archive.org/details/namdhari

*ਆਗਰਾ ਸਿਖਰ ਵਾਰਤਾ*

# ਸਿਰਫ ਅਕਾਂਖਿਆਵਾਂ ਨਾਲ ਅਕਸ ਨਹੀਂ ਬਣਦ

*—ਅਨੁਭਵੀ ਸਿੰਘ*

ਭਾਰਤ ਅਤੇ ਪਾਕਿਸਤਾਨ ਵਿਚਕਾਰ ਆਗਰਾ ਸਿਖਰ ਵਾਰਤਾ ਦੇ ਫੇਲ੍ਹ ਹੋ ਜਾਣ ਤੋਂ ਬਾਅਦ ਪੂਰੇ ਇਕ ਹਫ਼ਤੇ ਬਾਅਦ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਆਪਣੀ ਚੁੱਪ ਤੋੜੀ ਅਤੇ ਪਾਰਲੀਮੈਂਟ ਸੈਸ਼ਨ ਸ਼ੁਰੂ ਹੋਣ ਦੀ ਪੂਰਵ ਸੰਧਿਆ ਉੱਤੇ ਵਾਰਤਾ ਟੁੱਟ ਜਾਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਪਾਕਿਸਤਾਨ ਦੇ ਸਿਰ ਹੋਣ ਦਾ ਖੁਲਾਸਾ ਕਰ ਦਿੱਤਾ। ਇਸ ਬਾਰੇ ਭਾਵੇਂ ਕਿਸੇ ਵੀ ਭਾਰਤਵਾਸੀ ਨੂੰ ਕੋਈ ਸ਼ੱਕ ਨਹੀਂ ਸੀ ਪ੍ਰੰਤੂ ਪ੍ਰਧਾਨ ਮੰਤਰੀ ਦੇ ਮੂੰਹੋਂ ਸੱਚ ਸੁਣਨ ਦੀ ਅਭਿਲਾਸ਼ਾ ਹਰ ਕਿਸੇ ਦੀ ਸੀ। ਸੁਆਲ ਏਨਾ ਜ਼ਰੂਰ ਉਪਜ ਰਿਹਾ ਹੈ ਕਿ ਇਹ ਸੱਚ ਇਕ ਹਫਤੇ ਤੱਕ ਛੁਪਾਇਆ ਕਿਉਂ ਜਾਂਦਾ ਰਿਹਾ। ਭਾਰਤ ਦੀ ਪਹਿਲੀ ਟਿੱਪਣੀ ਜਿਹੜੀ ਕਿ ਰਖਿਆ ਅਤੇ ਬਦੇਸ਼ ਮੰਤਰੀ ਜਸਵੰਤ ਸਿੰਘ ਤੋਂ ਕਰਵਾਈ ਗਈ, ਅਨੁਸਾਰ ਇਹ ਵਾਰਤਾ ਫੇਲ ਨਹੀਂ ਹੋਈ। ਪਾਕਿਸਤਾਨ ਦੀ ਪਹਿਲੀ ਟਿੱਪਣੀ ਅਨੁਸਾਰ ਵੀ, ਜਿਹੜੀ ਕਿ ਉਥੋਂ ਦੇ ਬਦੇਸ਼ ਮੰਤਰੀ ਅਬਦੁਲ ਸਿਤਾਰ ਵਲੋਂ ਕਰਵਾਈ ਗਈ। ਇਹ ਵਾਰਤਾ ਫੇਲ ਨਹੀਂ ਹੋਈ ਸੀ। ਫੇਰ ਦੋਹਾਂ ਮੁਖੀਆਂ ਵਲੋਂ, ਪਹਿਲਾਂ ਮੁਸ਼ਰਫ ਅਤੇ ਫੇਰ ਪ੍ਰਧਾਨ ਮੰਤਰੀ ਵਾਜਪਾਈ ਵਲੋਂ ਇਸਨੂੰ ਫੇਲ ਕਰਾਰ ਦਿੱਤੇ ਜਾਣ ਵਿਚ ਕੀ ਰਾਜ਼ ਹੈ—ਇਹ ਸੁਆਲ ਪੈਦਾ ਹੋ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਅਤੇ ਪਾਕਿਸਤਾਨ ਦੇ ਆਮ ਲੋਕ ਦੋਹਾਂ ਦੇਸ਼ਾਂ ਦੀ ਵਰਤਮਾਨ ਰਾਜਨੀਤੀ ਅਤੇ ਦੋਹਾਂ ਸਭਿਆਚਾਰਾਂ ਦਾ ਪਿਛੋਕੜ ਇਸ ਤੀਬਰ ਤਾਂਘ ਵਿਚ ਹੈ ਕਿ ਇਸ ਖਿੱਤੇ ਵਿਚ ਅਮਨ ਸ਼ਾਂਤੀ ਹੋਵੇ ਤੇ ਦੋਨਾਂ ਦੇ ਆਵਾਮ ਵਿਚ ਆਪਸੀ ਮਿਲਵਰਤਨ ਅਤੇ ਦੋਸਤੀ ਦੀ ਤੰਦਾਂ ਪੀਡੀਆਂ ਹੋ ਜਾਣ। ਪਰ ਰਾਜਨੀਤਕ ਮਜਬੂਰੀਆਂ ਅਤੇ ਫੌਜੀ ਫਿਤਰਤਾਂ ਸਿਰਫ ਭਾਵਨਾਵਾਂ ਅਤੇ ਜਜ਼ਬਾਤੀ ਰਿਸ਼ਤਿਆਂ ਦੀਆਂ ਰਸਮਾਂ ਨਹੀਂ ਨਿਭਾਉਂਦੀਆਂ। ਹੱਠ ਅਤੇ ਹਉਮੈਂ ਦੇ ਹਿੱਲਣ ਦਾ ਹਊਆ ਅਤੇ ਵੋਟਾਂ ਦੀ ਵੰਡ-ਵਡਾਈ ਦਾ ਵਰਤਾਰਾ ਬਹੁਤ ਕੁਝ ਬੋਲਣ ਦੀ ਅਤੇ ਬਹੁਤ ਦੇਰ ਤੱਕ ਚੁੱਪ ਰਹਿਣ ਦੀ ਕਲਾ ਸਿਖਾਉਂਦਾ ਅਤੇ ਭੁਲਾਉਂਦਾ ਰਹਿੰਦਾ ਹੈ।

ਜਦੋਂ ਜਨਰਲ ਪਰਵੇਜ਼ ਮੁਸ਼ਰਫ ਨੂੰ ਫੌਜੀ ਵਰਦੀ ਲਾਹ ਕੇ ਸ਼ੇਰਵਾਣੀ ਪਹਿਨਣ ਦਾ ਫੁਰਨਾ ਫੁਰਿਆ ਉਦੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਚੁੱਕੀ ਸੀ ਕਿ ਉਹ ਲੰਬੀ ਰੇਸ ਦਾ ਘੋੜਾ ਬਣਨ ਦੇ ਸੁਪਨੇ ਵੇਖਣ ਲੱਗ ਪਿਆ ਹੈ। ਪ੍ਰੰਤੂ ਕੁਝ ਦਿਨਾਂ ਵਿਚ ਹੀ ਸਪੱਸ਼ਟ ਹੋ ਗਿਆ ਕਿ ਸ਼ੇਰ ਦੀ ਖੱਲ ਪਹਿਨਣ ਨਾਲ ਹੀ ਕੋਈ ਸ਼ੇਰ ਨਹੀਂ ਬਣ ਸਕਦਾ। ਸੰਤੋਖ ਵਾਲੀ ਗੱਲ ਇਹ ਹੈ ਕਿ ਸਮੁੱਚੇ ਰੂਪ ਵਿਚ ਭਾਰਤੀ ਸਮਝ ਨੇ ਤਮਾਮ ਭਾਵਨਾਵਾਂ, ਜਜ਼ਬਾਤ ਅਤੇ ਅਕਾਂਖਿਆਵਾਂ ਦੇ ਬਾਵਜੂਦ ਕੋਈ ਅਜੇਹੀ ਗਲਤੀ ਨਹੀਂ ਕੀਤੀ ਕਿ ਇਕ ਫੌਜੀ ਤਾਨਾਸ਼ਾਹ ਦਾ ਅਸਲੀ ਚਿਹਰਾ ਨਿਹਾਰਿਆ ਅਤੇ ਯਾਦ ਨਾ ਰਖਿਆ ਹੋਵੇ। ਭਾਰਤੀ ਰਾਜਨੀਤੀ ਦੀ ਸਿਆਣਪ ਇਸੇ ਵਿੱਚ ਹੈ ਕਿ ਇਸਨੇ ਜਨਸਧਾਰਨ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਣ ਦਿੱਤੀ। ਦੇਰ-ਅਵੇਰ ਗੱਲਬਾਤ ਦੀ ਸਹੀ ਦਿਸ਼ਾ ਅਤੇ ਦਸ਼ਾ ਲੋਕਾਈ ਦੇ ਸਾਹਮਣੇ ਰੱਖਣ ਦਾ ਹੌਸਲਾ ਕੀਤਾ ਹੈ। ਗੱਲਬਾਤ ਦੇ ਟੁੱਟ ਜਾਣ ਜਾਂ ਫੇਲ ਹੋ ਜਾਣ ਦਾ ਤੱਥ ਜਿੰਨਾ ਸੱਚਾ ਹੈ ਉਂਨਾ ਹੀ ਕੜਵਾ ਜ਼ਰੂਰ ਲਗਦਾ ਹੈ। ਪ੍ਰੰਤੂ ਇਸ ਕੁੜੱਤਣ ਵਿਚ ਭਾਰਤੀ ਸਵੈਮਾਣ ਦੀ ਮਿਠਾਸ ਝਲਕਦੀ ਹੈ। ਕਸ਼ਮੀਰ, ਜਿਸਨੂੰ ਕਿ ਪਾਕਿਸਤਾਨ ਵਲੋਂ ਧੱਕੇ ਨਾਲ ਵਿਵਾਦ ਦਾ ਮਸਲਾ ਬਣਾਇਆ ਜਾ ਰਿਹਾ ਹੈ, ਅਸਲ ਵਿਚ ਨਿਰਵਿਵਾਦ ਖੇਤਰ ਹੈ। ਜਿਸ ਉੱਪਰ ਸਾਰੇ ਅਸੂਲਾਂ ਅਨੁਸਾਰ ਭਾਰਤ ਦਾ ਅਧਿਕਾਰ ਹੈ। ਸਿਰਫ ਅਤੇ ਸਿਰਫ ਧਾਰਮਿਕ ਭਾਵਨਾਵਾਂ ਨੂੰ ਭੜਕਾਕੇ ਇਸਨੂੰ ਵਿਵਾਦ ਦੇ ਘੇਰੇ ਵਿਚ ਲਿਆਉਣ ਦਾ ਪਾਕਿਸਤਾਨੀ ਫੌਜੀ ਤਾਨਾਸ਼ਾਹਾਂ ਦਾ ਨਿਰੰਤਰ ਯਤਨ ਕਸ਼ਮੀਰ ਨੂੰ ਸਾਡੇ ਨਾਲੋਂ ਵਿਛੋੜਨ ਵਿਚ ਕਾਮਯਾਬ ਨਹੀਂ ਹੋ ਸਕਦਾ।

ਜਨਰਲ ਪਰਵੇਜ਼ ਮੁਸ਼ਰਫ ਦੀ ਆਗਰਾ ਯਾਤਰਾ ਨੂੰ ਉਸਦੀ ਸਮੁੱਚੀ ਫੌਜੀ ਯਾਤਰਾ ਦੇ ਝਰੋਖੇ ਵਿਚੀਂ ਵੇਖੀਏ ਤਾਂ ਸਪੱਸ਼ਟ ਹੈ ਕਿ ਇਹ ਫੌਜੀ ਤਾਨਾਸ਼ਾਹ ਪਾਕਿਸਤਾਨ ਦੇ ਹੁਣ ਤੱਕ ਦੇ ਸਾਰੇ ਫੌਜੀ ਤਾਨਸ਼ਾਹਾਂ ਨਾਲੋਂ ਤੇਜ਼ ਤਰਾਰ ਦਿਸਦਾ ਹੈ। ਆਪਣੀ ਇਸ ਤੇਜ਼ ਤਰਾਰੀ ਵਿਚ ਉਹ ਕਈ ਅਜੇਹੀਆਂ ਹੱਦਾਂ ਪਾਰ ਕਰ ਜਾਂਦਾ ਹੈ ਕਿ ਸਧਾਰਨ ਵਰਤਾਉ ਦੇ ਤਕਾਜ਼ਿਆਂ ਨੂੰ ਵੀ ਭੁੱਲ ਜਾਂਦਾ ਹੈ।

ਸਸਤੀ ਸ਼ੋਹਰਤ ਦੇ ਸ਼ੈਦਾਈ ਮੁਸ਼ਰਫ ਨੇ ਪਹਿਲੇ ਦਿਨ ਤੋਂ ਹੀ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਸੀ ਕਿ—(੧) ਉਹ ਭਾਰਤ ਵਿਚ ਇਕ ਨਵਾਂ ਇਤਿਹਾਸ ਰਚਣ ਜਾ ਰਿਹਾ ਹੈ। (੨) ਕਸ਼ਮੀਰ ਉਸਦੀ ਗੱਲਬਾਤ ਦਾ ਕੇਂਦਰੀ ਨੁਕਤਾ ਹੋਵੇਗਾ। (੩) ਹੁਰੀਅਤ ਦੇ ਆਗੂਆਂ ਨਾਲ ਵੀ ਗੱਲਬਾਤ ਹੋਵੇਗੀ। (੪) ਭਾਰਤ ਉੱਤੇ ਬਦੇਸ਼ੀ ਦਬਾਅ ਹੈ। ਇਸ ਕਰਕੇ ਉਹ ਮੈਨੂੰ ਬੁਲਾ ਰਿਹਾ ਹੈ ਆਦਿ ਆਦਿ। ਫੇਰ ਆਗਰਾ ਪਹੁੰਚ ਕੇ ਉਸਨੇ ਆਪਣੀ ਪਹਿਲੀ ਰੱਟ ਦੁਹਰਾਉਣੀ



Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਕੀਤੀ। ਫੇਰ ਕਦੇ ਸਹਿਮਤ ਹੋ ਜਾਣ ਅਤੇ ਕਦੇ ਅਸਹਿਮਤ ਹੋਣ ਦਾ ਸਿਲਸਿਲਾ ਸ਼ੁਰੂ ਹੋਇਆ। ਸਭ ਤੋਂ ਦਿਲਚਸਪ ਦਿਨ ਸੀ ੧੬ ਜੁਲਾਈ ਦਾ ਦਿਨ। ਜਦੋਂ ਸਵੇਰੇ ਸਵੇਰੇ ਉਸਨੇ ਭਾਰਤੀ ਪੱਤਰਕਾਰਾਂ ਨੂੰ ਚਾਹ ਉੱਤੇ ਬੁਲਾਇਆ ਅਤੇ ਇਸ ਚਾਹ ਪਾਰਟੀ ਨੂੰ ਇਕ ਨਿਜੀ ਚੈਨਲ ਦੇ ਲਾਈਵ ਟੈਲੀਕਾਸਟ ਵਿਚ ਤਬਦੀਲ ਕਰਕੇ ਇਸਨੂੰ ਪ੍ਰੈਸ ਕਾਨਫਰੰਸ ਬਣਾ ਲਿਆ। ਵੇਖਣ ਨੂੰ ਲਗਿਆ ਕਿ ਇਹ ਇਕ ਅਚਾਨਕ ਫੈਸਲਾ ਸੀ ਪ੍ਰੰਤੂ ਦਸਦੇ ਹਨ ਕਿ ਇਸ ਦਾ ਫੈਸਲਾ ਪੰਦਰਾਂ ਦੀ ਰਾਤ ਨੂੰ ਹੀ ਹੋ ਗਿਆ ਸੀ। ਪਾਕਿਸਤਾਨ ਦੀ ਇਕ ਮਹਿਲਾ ਪੱਤਰਕਾਰ ਰਾਹੀਂ ਇਸ ਚੈਨਲ ਦੇ ਮਾਲਕਾਂ ਨਾਲ ਲਾਈਵ ਟੈਲੀਕਾਸਟ ਦਾ ਸਮਝੌਤਾ ਰਾਤ ਨੂੰ ਹੀ ਕਰ ਲਿਆ ਗਿਆ ਸੀ। ਇਸ ਵਿਚ ਦੂਰਦਰਸ਼ਨ ਨੂੰ ਨਹੀਂ ਸੀ ਬੁਲਾਇਆ ਗਿਆ ਅਤੇ ਕਮਾਲ ਇਸ ਵਿਚ ਹੈ ਕਿ ਭਾਰਤੀ ਸਰਕਾਰੀ ਤੰਤਰ ਨੂੰ ਇਸ ਗੱਲ ਦੀ ਭਿਣਕ ਉਦੋਂ ਪਈ ਜਦੋਂ ਇਹ ਸਿੱਧਾ ਪ੍ਰਸਾਰਣ ਸ਼ੁਰੂ ਹੋਇਆ। ਕਾਫੀ ਦੇਰ ਹੋ ਚੁੱਕੀ ਸੀਂ, ਫੇਰ ਸਰਕਾਰੀ ਅਧਿਕਾਰੀਆਂ ਨੇ ਇਕ ਨੋਟ ਲਿਖ ਕੇ ਪ੍ਰਧਾਨ ਮੰਤਰੀ ਨੂੰ ਕਾਹਲੀ ਨਾਲ ਇਸਦੀ ਜਾਣਕਾਰੀ ਦਿੱਤੀ। ਇਸ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਸਿੱਧੇ ਪ੍ਰਸਾਰਨ ਦੀ ਪੂਰੀ ਰਿਕਾਰਡਿੰਗ ਪ੍ਰਧਾਨ ਮੰਤਰੀ ਨੇ ਉਸ ਦਿਨ ਵੇਖੀ ਜਿਸ ਦਿਨ ਆਗਰਾ ਵਾਰਤਾ ਦੀ ਪੂਰੀ ਜਾਣਕਾਰੀ ਦੇਣ ਲਈ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਦੀ ਮੀਟਿੰਗ ਬੁਲਾਈ। ਕੀ ਦਰਸਾਉਂਦਾ ਹੈ ਇਹ ਸਾਰਾ ਕੁਝ—ਇਕ ਫੌਜੀ ਤਾਨਾਸ਼ਾਹ ਪਰਾਈ ਧਰਤੀ ਉੱਤੇ ਆ ਕੇ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ ਹੁਰੀਅਤ ਆਗੂਆਂ ਨਾਲ ਮੀਟਿੰਗ ਵੀ ਕਰਦਾ ਹੈ। ਭਾਰਤੀ ਦੂਰਦਰਸ਼ਨ ਨੂੰ ਲਾਂਭੇ ਰੱਖ ਕੇ ਭਾਰਤ ਦੇ ਹੀ ਖਿਲਾਫ ਬੋਲਣ ਲਈ ਭਾਰਤ ਦੀ ਧਰਤੀ ਤੋਂ ਸਿੱਧਾ ਪ੍ਰਸਾਰਨ ਵੀ ਕਰਦਾ ਹੈ—ਭਾਰਤੀ ਰਾਜਨੀਤੀ ਵਿਚ ਫੁੱਟ ਦੇ ਬੀਜ ਬੀਜਣ ਲਈ ਭਾਰਤੀ ਮੰਤਰੀਆਂ ਦੇ ਖਿਲਾਫ਼ ਬਿਆਨਬਾਜ਼ੀ ਵੀ ਕਰਦਾ ਹੈ ਤੇ ਅੰਤ 'ਸੱਚਾ' ਹੋ ਕੇ ਜਾਣ ਦੀ ਖੇਡ ਖੇਡਣ ਦਾ ਯਤਨ ਵੀ ਕਰਦਾ ਹੈ। ਸਾਬਕਾ ਪ੍ਰਧਾਨ ਮੰਤਰੀਆਂ ਇੰਦਰ ਕੁਮਾਰ ਗੁਜਰਾਲ, ਵਿਸ਼ਵਾਨਾਥ ਪ੍ਰਤਾਪ ਸਿੰਘ ਅਤੇ ਚੰਦਰ ਸ਼ੇਖਰ ਤੋਂ ਲੈ ਕੇ ਤਕਰੀਬਨ ਸਭ ਰਾਜਨੀਤੀ ਨੇਤਾਵਾਂ ਨੇ ਸਭ ਨੂੰ ਪਹਿਲਾਂ ਹੀ ਅਗਾਹ ਕੀਤਾ ਸੀ ਕਿ ਇਸ ਫੌਜੀ ਤਾਨਾਸ਼ਾਹ ਤੋਂ ਬਹੁਤੀ ਆਸ ਨਾ ਰੱਖੀ ਜਾਵੇ। ਫੇਰ ਵੀ ਘਟਨਾਵਾਂ ਅਤੇ ਪ੍ਰਚਾਰ ਪ੍ਰਸਾਰ ਦਾ ਸਿਲਸਿਲਾ ਕੁਝ ਇਸ ਤਰ੍ਹਾਂ ਚਲਿਆ ਕਿ ਜਨਸਧਾਰਨ ਨੂੰ ਇਸ ਸਿਖਰ ਮਿਲਣੀ ਤੋਂ ਬਹੁਤ ਸਾਰੀਆਂ ਆਸਾਂ ਬੱਝ ਗਈਆਂ ਸਨ। ਸ਼ਾਇਦ ਇਹ ਆਸਾਂ ਪ੍ਰਧਾਨ ਮੰਤਰੀ ਜੀ ਦੇ ਕਵੀ ਹਿਰਦੇ ਨਾਲ ਵੀ ਜੁੜ ਗਈਆਂ ਸਨ। ਇਸੇ ਕਰਕੇ ਵਾਰਤਾ ਫੇਲ ਹੋਣ ਦੇ ਸਦਮੇ ਨੂੰ ਉਹ ਕਈ ਦਿਨਾਂ ਦੀ ਚੁੱਪ ਵਿਚ ਖੋਰਨ ਦਾ ਯਤਨ ਕਰਦੇ ਰਹੇ ਹਨ।

ਹੁਣ ਸਵਾਲ ਵਾਰਤਾ ਦੇ ਟੁੱਟ ਜਾਣ ਦਾ ਨਹੀਂ ਹੈ। ਸਵਾਲ ਰਾਜਨੀਤੀ ਦੇ ਤਕਾਜ਼ਿਆਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿਚ ਵੇਖਣ ਦਾ ਹੈ। ਸਿਰਫ ਤਮੰਨਾਵਾਂ ਨਾਲ ਤੱਥ ਨਹੀਂ ਬਦਲਦੇ ਸਿਰਫ ਅਕਾਂਖਿਆਵਾਂ ਨਾਲ ਅਕਸ ਨਹੀਂ ਬਣਦੇ ਅਤੇ ਸਿਰਫ ਚਾਹਤ ਨਾਲ ਚਾਅ ਨਹੀਂ ਪੂਰੇ ਹੁੰਦੇ। ਜਿਸ ਗੱਲਬਾਤ ਨੂੰ ਅਸੀਂ ਟੁੱਟਣਾ ਕਹਿ ਰਹੇ ਹਾਂ—ਉਹ ਅਸਲ ਵਿਚ ਤਾਂ ਸ਼ੁਰੂ ਹੀ ਨਹੀਂ ਹੋਈ ਜਿਸਨੂੰ ਖੁਦ ਮੁਸ਼ਰਫ ਸਾਹਿਬ ਆਪਣੇ ਸਿੱਧੇ ਪ੍ਰਸਾਰਨ ਵਿਚ ੧੬ ਜੁਲਾਈ ਦੀ ਸਵੇਰ ਨੂੰ ਹੀ ਕਹਿ ਚੁੱਕੇ ਹਨ। "I refused to talk on any other issue except Kashmir" ਜਿਨਾਂ ਲੋਕਾਂ ਨੇ ਉਸਦਾ ਇਹ ਫਿਕਰਾ ੧੬ ਜੁਲਾਈ ਦੀ ਸਵੇਰ ਨੂੰ ਸਿੱਧੇ ਪ੍ਰਸਾਰਨ ਵਿਚ ਹੀ ਸੁਣ ਲਿਆ ਸੀ, ਉਨ੍ਹਾਂ ਨੂੰ ਹੋਰ ਹੋਰ ਬਿਆਨਬਾਜ਼ੀ ਕੀ ਸਮਝਾ ਸਕਦੀ ਹੈ। ਇਹ ਸਮਝਣਾ ਚਾਹੀਦਾ ਹੈ ਅਤੇ ਰਾਜਨੀਤੀ ਦੀ ਸਪੱਸ਼ਟਤਾ ਨੂੰ ਹੋਰ ਵਧੇਰੇ ਸਫਾਈ ਨਾਲ ਪੇਸ਼ ਕਰਨ ਦੀ ਜ਼ਰੂਰਤ ਵੱਲ ਪਰਤਣਾ ਚਾਹੀਦਾ ਹੈ ਤਾਂ ਹੀ ਸੁਨਹਿਰੀ ਪ੍ਰੰਪਰਾਵਾਂ ਵਾਲੇ ਇਸੇ ਦੇਸ਼ ਵਿਚ ਧੁੰਦਲਾ ਪੈਂਦਾ ਜਾ ਰਿਹਾ। ਰਾਜਨੀਤਿਕ ਅਕਸ ਵਧੇਰੇ ਸਾਫ ਹੋ ਸਕਦਾ ਹੈ।


੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.

ਵਰਿਆਮ ਲਈ ਸ਼ੁਭ ਇਛਾਵਾਂ:
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari





Sri Satguru Jagjit Singh Ji eLibrary NamdhariElibrary@gmail.com

# ਨਸ਼ਿਆਂ ਦੇ ਖਿਲਾਫ਼ 'ਲੋਕ ਚੇਤਨਾ ਲਹਿਰ' ਉਸਾਰੀਏ

—ਪ੍ਰੋ. ਗੁਰਭਜਨ ਸਿੰਘ ਗਿੱਲ

ਨਸ਼ਿਆਂ ਦੇ ਹੜ੍ਹ ਵਿੱਚ ਪੰਜਾਬ ਰੁੜ੍ਹ ਰਿਹਾ ਹੈ। ਸਿਰਫ਼ ਸ਼ਰਾਬ ਹੀ ਨਹੀਂ ਅਫ਼ੀਮ, ਤੰਬਾਕੂ, ਭੁੱਕੀ (ਪੋਸਤ ਦਾ ਚੂਰਾ), ਜ਼ਰਦਾ, ਭੰਗ, ਨਸ਼ੀਲੀਆਂ ਗੋਲੀਆਂ ਅਤੇ ਇਹੋ ਜਿਹਾ ਹੋਰ ਬਹੁਤ ਕੁਝ ਪੰਜਾਬ ਦੇ ਗਲੀ-ਗਲੀ, ਮੁਹੱਲੇ-ਮੁਹੱਲੇ ਸ਼ਰੇਆਮ ਵਿਕ ਰਿਹਾ ਹੈ। ਕਿਤੇ ਸਰਕਾਰੀ ਤੌਰ ਤੇ ਅਧਿਕਾਰਤ ਦੁਕਾਨਾਂ ਤੇ ਅਤੇ ਕਿਤੇ ਚੋਰੀ ਛਿਪੇ। ਸ਼ਰਾਬ ਤੋਂ ਬਿਨਾਂ ਬਾਕੀ ਸਾਰੇ ਹੀ ਨਸ਼ੇ ਪੰਜਾਬ ਵਿੱਚ ਵੇਚਣ ਤੇ ਪਾਬੰਦੀ ਹੈ ਪਰ ਹਕੀਕਤਾਂ ਕੁਝ ਹੋਰ ਹਨ। ਵੱਡਿਆਂ ਸ਼ਹਿਰਾਂ ਦੇ ਚੌਂਕ ਚੁਰਸਤੇ ਪਾਨ ਵੇਚਣ ਵਾਲਿਆਂ ਦੇ ਖੋਖਿਆਂ ਬਹਾਨੇ ਜਰਦਾ ਅਤੇ ਹੋਰ ਨਸ਼ੀਲੀਆਂ ਵਸਤਾਂ ਦਾ ਵਿਕਰੀ ਕਾਰੋਬਾਰ ਕਰਨ ਵਾਲਿਆਂ ਨੇ ਮੱਲੇ ਹੋਏ ਹਨ। ਸੱਚ ਤਾਂ ਇਹ ਹੈ ਕਿ ਪੰਜਾਬ ਦੀ ਜਵਾਨੀ ਨੇ ਤਾਂ ਇਸ ਹੜ੍ਹ ਵਿੱਚ ਰੁੜ੍ਹਨਾ ਹੀ ਸੀ ਬੱਚੇ ਵੀ ਜਵਾਨੀ ਦੀ ਦਹਿਲੀਜ਼ ਟੱਪਣ ਤੋਂ ਪਹਿਲਾਂ ਹੀ ਇਨ੍ਹਾਂ ਵਹਿਬਤਾਂ ਦਾ ਸ਼ਿਕਾਰ ਹੋ ਰਹੇ ਹਨ। ਫ਼ਿਕਰਮੰਦੀ ਦੀ ਘੜੀ ਹੈ। ਸਰਕਾਰ, ਸਮਾਜ, ਧਾਰਮਿਕ ਜੱਥੇਬੰਦੀਆਂ, ਖੇਡ ਕਲੱਬਾਂ, ਸਾਹਿਤ ਸਭਾਵਾਂ ਅਤੇ ਮੁਹੱਲਿਆਂ ਦੀਆਂ ਵਿਕਾਸ ਸਭਾ ਸੁਸਾਇਟੀਆਂ ਇਸ ਨਸ਼ੀਲੇ ਹੜ੍ਹ ਦੇ ਪਾਣੀ ਨੂੰ ਠੱਲ੍ਹ ਪਾ ਸਕਦੀਆਂ ਹਨ।

ਅੰਕੜੇ ਦੱਸਦੇ ਹਨ ਕਿ ਜਿਸ ਤੰਬਾਕੂ ਨੂੰ ਦੁਨੀਆਂ ਦਾ ਕੋਈ ਵੀ ਧਰਮ ਵਰਤਣਯੋਗ ਵਸਤੂ ਨਹੀਂ ਮੰਨਦਾ ਅਤੇ ਜਿਸ ਦੇ ਖਿਲਾਫ਼ ਵਿਸ਼ਵ ਸਿਹਤ ਸੰਗਠਨ ਦੀਆਂ ਕੋਸ਼ਿਸ਼ਾਂ ਪਿਛਲੇ ਲੰਮੇ ਸਮੇਂ ਤੋਂ ਨਿਰੰਤਰ ਜਾਰੀ ਹਨ, ਹਰ ਵਰ੍ਹੇ ੪੦ ਲੱਖ ਜਾਨਾਂ ਦਾ ਖੌ ਬਣਦਾ ਹੈ। ਅੰਦਾਜ਼ਨ ਸਲਾਨਾ ਗਿਆਰਾਂ ਹਜ਼ਾਰ ਬੰਦੇ ਅਤੇ ਔਰਤਾਂ ਸਿਵਿਆਂ ਦੇ ਰਾਹ ਪੈਂਦੇ ਹਨ। ਜੇਕਰ ਇਹੀ ਹਵਾ ਵਗਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ੨੦੨੦ ਤੱਕ ੭੦ ਲੱਖ ਜਾਨਾਂ ਹਰ ਵਰ੍ਹੇ ਮੌਤ ਦੀ ਭੇਟਾ ਚੜ੍ਹਿਆ ਕਰਨਗੀਆਂ। ਤੰਬਾਕੂ ਨੂੰ ਆਦਮੀ ਨਹੀਂ ਪੀਂਦਾ, ਤੰਬਾਕੂ ਆਦਮੀ ਨੂੰ ਪੀਂਦਾ ਹੈ। ਇਸ ਇਕੱਲੇ ਦੁਸ਼ਮਣ ਕਾਰਨ ੩੦ ਜਾਨ ਲੇਵਾ ਬੀਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜਦੀਆਂ ਹਨ। ਫੇਫੜਿਆਂ ਦੇ ਕੈਂਸਰ ਤੋਂ ਲੈ ਕੇ ਗਲੇ ਦੇ ਕੈਂਸਰ ਤੀਕ। ਇਹ ਵੀ ਅੰਕੜੇ ਬੋਲਦੇ ਹਨ ਕਿ ਤੰਬਾਕੂ ਦੀ ਵਿਕਰੀ ਤੋਂ ਸਰਕਾਰ ਨੂੰ ਸਾਲਾਨਾ ਕਮਾਈ ਸਿਰਫ਼ ੬ ਹਜ਼ਾਰ ਕਰੋੜ ਰੁਪਏ ਹੁੰਦੀ ਹੈ ਜਦਕਿ ਇਸ ਤੋਂ ਪੈਦਾ ਹੁੰਦੀਆਂ ੩੦ ਬੀਮਾਰੀਆਂ ਕਾਰਨ ੩੭ ਹਜ਼ਾਰ ਕਰੋੜ ਰੁਪਏ ਆਮ ਲੋਕਾਂ ਦੀਆਂ ਜੇਬ੍ਹਾਂ ਵਿਚੋਂ ਨਿਕਲ ਕੇ ਬਹੁ-ਕੌਮੀ ਕੰਪਨੀਆਂ ਦੀਆਂ ਦਵਾਈਆਂ ਅਤੇ ਹਸਪਤਾਲਾਂ ਦੀ ਜੇਬ੍ਹ ਵਿੱਚ ਪੈ ਜਾਂਦੇ ਹਨ।

ਤੰਬਾਕੂ ਇਸ ਧਰਤੀ ਦਾ ਪੌਦਾ ਨਹੀਂ। ਮੁਗਲਾਂ ਦੇ ਰਾਜਕਾਲ ਵੇਲੇ ਇਹ ਨਾ-ਮੁਰਾਦ ਪੌਦਾ ਪੰਜਾਬ ਦੀ ਧਰਤੀ ਤੇ ਪੁੱਜਾ ਸੀ। ਤੁਜ਼ਕੇ ਜਹਾਂਗੀਰੀ ਪੁਸਤਕ ਵਿੱਚ ਇਸ ਦਾ ਪਹਿਲੀ ਵਾਰ ਵਰਨਣ ਹੋਇਆ ਹੈ। ਗੁਰਬਾਣੀ ਵਿੱਚ ਵ਼ੀ ਤੰਬਾਕੂ ਦੇ ਸੇਵਨ ਨੂੰ ਰੱਜ ਕੇ ਨਿੰਦਿਆ ਗਿਆ ਹੈ—

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨਾ ਚੇਤਿਓ ਜਮਿ ਪਕੜਿ ਚਲਾਈਆ॥

ਸਿੱਖ ਇਤਿਹਾਸ ਵਿੱਚ ਇੱਕ ਪ੍ਰਮਾਣ ਵਾਰ-ਵਾਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਵੀ ਸਾਹਮਣੇ ਤੰਬਾਕੂ ਦਾ ਖੇਤ ਵੇਖ ਕੇ ਉਸ ਵਿਚੋਂ ਪੈਰ ਪਾਉਣੋਂ ਅਟਕ ਗਿਆ ਸੀ। ਜਦ ਖੇਤ ਦੇ ਮਾਲਕ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਬਖਸ਼ਿਸ਼ ਲਈ ਅਰਦਾਸ ਕੀਤੀ ਤਾਂ ਉਨ੍ਹਾਂ ਨੇ ਉਸ ਨੂੰ ਤੰਬਾਕੂ ਦੀ ਖੇਤੀ ਕਰਨ ਤੋਂ ਵਰਜਿਆ। ਇਸ ਵਿੱਚ ਲੁਕਿਆ ਇਸ਼ਾਰਾ ਸਮਝਣ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿਹਤਮੰਦ ਸ਼ਕਤੀਸ਼ਾਲੀ ਪੰਥ ਦੀ ਸਿਰਜਣਾ ਕਰਨ ਵੇਲੇ ਨਸ਼ਾ ਰਹਿਤ ਸਮਾਜ ਦਾ ਸੁਪਨਾ ਲਿਆ ਸੀ, ਪਰ ਅੱਜ ਅਸੀਂ ਕਿੱਧਰ ਨੂੰ ਤੁਰ ਪਏ ਹਾਂ।

ਪੰਜਾਬ ਵਿੱਚ ਵਸਦੇ ਸਿੱਖ ਪਰਿਵਾਰਾਂ ਵਿੱਚ ਇਹ ਕੋਹੜ ਪਹਿਲਾਂ ਬਹੁਤ ਘੱਟ ਸੀ, ਪਰ ਪਿਛਲੇ ਕੁਝ ਸਮੇਂ ਤੋਂ ਅਸੀਂ ਵੇਖ ਰਹੇ ਹਾਂ ਕਿ ਨਵੇਂ ਨਵੇਂ ਨਾਵਾਂ ਹੇਠ ਵਿਕ ਰਿਹਾ ਇਹ ਜ਼ਹਿਰ ਰੁਤਬੇ ਦੀ ਨਿਸ਼ਾਨੀ ਬਣ ਗਿਆ ਹੈ। ਤੰਬਾਕੂ ਕੰਪਨੀਆਂ ਦੇ ਦਿਲਕਸ਼ ਇਸ਼ਤਿਹਾਰ ਅਤੇ ਟੈਲੀਵੀਜ਼ਨ ਤੇ ਕੀਤੀਆਂ ਮਸ਼ਹੂਰੀਆਂ ਕੱਚੀ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇਕ ਅੰਦਾਜ਼ੇ ਅਨੁਸਾਰ ਇਹ ਤੰਬਾਕੂ ਕੰਪਨੀਆਂ ਭਾਰਤ ਵਿੱਚ ਹਰ ਰੋਜ਼ ਗਿਆਰਾਂ ਹਜ਼ਾਰ ਨਵੇਂ ਗਾਹਕ ਲੱਭਦੀਆਂ ਹਨ ਕਿਉਂਕਿ ਉਹ ਇਸ ਗੱਲ ਤੋਂ ਭਲੀਭਾਂਤ ਵਾਕਫ਼ ਹਨ ਕਿ ਪੁਰਾਣੇ ਗਾਹਕ ਤੰਬਾਕੂ ਖਾ ਪੀ ਕੇ ਨਾਲੋ-ਨਾਲ ਤੇਜ਼ ਰਫਤਾਰ ਨਾਲ ਮਰ ਵੀ ਤਾਂ ਰਹੇ ਹਨ। ਇਹ ਗੱਲ ਵੀ ਕਿਸੇ ਤੋਂ ਲੁਕੀ-ਛਿਪੀ ਨਹੀਂ ਕਿ ਗੁਟਕਾ, ਜ਼ਰਦਾ ਅਤੇ ਤੰਬਾਕੂ ਨਸ਼ਿਆਂ ਦੀ ਡਿਓੜ੍ਹੀ ਹੈ ਅਤੇ ਇਸ ਤੋਂ ਅੱਗੇ ਵਧ ਕੇ ਭਵਿੱਖ ਦੇ ਨਸ਼ਈ ਬਣਨ ਦੀ ਪੂਰਨ ਸੰਭਾਵਨਾ ਹੈ। ਕੁਝ ਧਾਰਮਿਕ ਸੰਸਥਾਵਾਂ ਵੱਲੋਂ ਭਾਵੇਂ ਇਸ ਕਹਿਰੀ ਜ਼ਹਿਰ ਦੇ ਖਿਲਾਫ਼ ਬੜਾ ਜ਼ੋਰਦਾਰ ਪ੍ਰਚਾਰ ਅਤੇ ਪ੍ਰਸਾਰ ਕਾਰਜ ਕੀਤਾ ਜਾ ਰਿਹਾ ਹੈ ਪਰ ਇਸ ਲਹਿਰ ਨੂੰ ਸਰਬ-ਧਰਮ ਮੰਨਣ ਵਾਲਿਆਂ



Sri Satguru Jagjit Singh Ji eLibrary NamdhariElibrary@gmail.com

ਨੂੰ ਅਪਨਾਉਣਾ ਚਾਹੀਦਾ ਹੈ, ਕਿਉਂਕਿ ਨਸ਼ਾ ਵਿਰੋਧੀ ਕਾਫਲਾ ਹੀ ਮਾਨਵ ਹਿਤੈਸ਼ੀ ਹੋਣ ਦਾ ਹੱਕ ਰੱਖਦਾ ਹੈ। ਇਹ ਗੱਲ ਵੀ ਵਿਗਿਆਨੀ ਹੀ ਦੱਸਦੇ ਹਨ ਕਿ ਲੁਧਿਆਣੇ ਵਰਗੇ ਸ਼ਹਿਰ ਦਾ ਧੂੰਆਂ ਵੀ ਤੰਬਾਕੂ ਦੇ ਧੂੰਏਂ ਨਾਲੋਂ ੨੦ ਵਾਂ ਹਿੱਸਾ ਘੱਟ ਖਤਰਨਾਕ ਹੈ। ਜੇਕਰ ਅਸੀਂ ਇਸ ਗੱਲ ਨੂੰ ਸਮਝਦੇ ਅਤੇ ਜਾਣਦੇ ਹਾਂ ਤਾਂ ਇਸ ਦੇ ਖਿਲਾਫ ਲੋਕ ਲਾਮਬੰਦੀ ਕਰਨ ਲਈ ਕਿਉਂ ਨਹੀਂ ਤੁਰਦੇ। ਤੰਬਾਕੂ ਦੇ ਖਿਲਾਫ ਸਿਰਫ ਪ੍ਰਚਾਰ ਹੀ ਨਹੀਂ ਸਗੋਂ ਪ੍ਰੇਰਨਾ ਕੇਂਦਰ ਖੋਲ੍ਹ ਕੇ ਅਣਭੋਲ ਜਵਾਨੀਆਂ ਨੂੰ ਸਿਖਿਅਤ ਕਰਨ ਦੀ ਵੀ ਜ਼ਰੂਰਤ ਹੈ। ਸਕੂਲਾਂ ਕਾਲਜਾਂ, ਧਰਮ ਅਸਥਾਨਾਂ, ਸਮਾਜਿਕ ਭਲਾਈ ਕੇਂਦਰਾਂ, ਸਰਕਾਰੀ ਦਫਤਰਾਂ, ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਤੇ ਵਿਕ ਰਹੇ ਇਸ ਜ਼ਹਿਰ ਦੇ ਖਿਲਾਫ ਕਾਰਵਾਈ ਕਰਨ ਲਈ ਸਰਕਾਰ ਨੂੰ ਤੁਰੰਤ ਹਰਕਤ ਵਿੱਚ ਆਉਣਾ ਚਾਹੀਦਾ ਹੈ।

ਇਹ ਗੱਲ ਮੈਂ ਨਹੀਂ ਕਹਿ ਰਿਹਾ ਸਗੋਂ ਅਮਰੀਕਨ ਐਸੋਸੀਏਸ਼ਨ ਆਫ ਨਿਊਰਾਲੋਜੀਕਲ ਸਰਜਨਜ਼ ਦੀ ਪ੍ਰਕਾਸ਼ਨਾ ਵਿੱਚ ਦਰਜ ਹੋਈ ਹੈ ਕਿ ਸਿਗਰਟ ਪੀਣ ਨਾਲ ਦਿਮਾਗੀ ਨਾੜੀ ਦੇ ਫਟਣ ਦੀ ਸੰਭਾਵਨਾ ਵਧ ਜਾਂਦੀ ਹੈ ਅਤ ਇਸ ਦੇ ਫਟਣ ਨਾਲ ਹੀ ਬਰੇਨ ਹੈਮਰੇਜ ਅਤੇ ਬਰੇਨ ਅਟੈਕ ਵਰਗੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ। ਸਿਗਰਟ ਦਾ ਧੂੰਆਂ ਦਿਮਾਗ ਦੀਆ ਨਸਾਂ ਦੇ ਫਟਣ ਤੋਂ ਇਲਾਵਾ ਉਸ ਵਿੱਚ ਰੁਕਾਵਟ ਦਾ ਕਾਰਨ ਵੀ ਬਣ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਅਨੁਸਾਰ ਬਰੇਨ ਅਟੈਕ ਵਰਤਮਾਨ ਸਮੇਂ ਅਚਾਨਕ ਮੌਤ ਦਾ ਦੂਜਾ ਵੱਡਾ ਕਾਰਨ ਬਣ ਗਿਆ ਹੈ।

ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਨਿਊਰੋ ਸਰਜਨ ਡਾ. ਮਨੋਜ ਸੋਬਤੀ ਅਨੁਸਾਰ ਦਿਮਾਗ ਦੀ ਨਸ ਵਿੱਚ ਗੁਬਾਰਾ ਫੁੱਲਣ ਦੀ ਸਥਿਤੀ ਨੂੰ ਐਨਯੂਰਿਜ਼ਮ ਕਿਹਾ ਜਾਂਦਾ ਹੈ ਅਤੇ ਇਹ ਗੁਬਾਰਾ ਬਣਾਉਣ ਵਿੱਚ ਸਿਗਰਟ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਗੁਬਾਰਾ ਕਦੇ ਵੀ ਫਟ ਸਕਦਾ ਹੈ ਅਤੇ ਇਸ ਨਾਲ ਦਿਮਾਗੀ ਨਾਲੀ ਫਟ ਜਾਣ ਕਾਰਨ ਮਰੀਜ਼ ਦੀ ਜਾਨ ਵੀ ਜਾ ਸਕਦੀ ਹੈ। ਸ਼ੂਗਰ ਦੇ ਰੋਗੀਆਂ, ਮੋਟੇ ਬੰਦਿਆਂ, ਸ਼ਰਾਬੀਆਂ ਅਤੇ ਭੱਜ-ਨੱਠ ਦੇ ਦਿਮਾਗੀ ਤਣਾਅ ਵਾਲੇ ਕੰਮ ਕਰਨ ਵਾਲੇ ਵਿਅਕਤੀਆਂ ਲਈ ਤੰਬਾਕੂ ਪੀਣਾ ਜ਼ਹਿਰ ਪਿਆਲਾ ਪੀਣ ਤੋਂ ਘੱਟ ਨਹੀਂ। ਸਿਗਰਟ ਕਾਰਨ ਹੀ ਖੂਨ ਧਮਣੀਆਂ ਦੇ ਸੁੰਗੜਨ ਦਾ ਡਰ ਵਧ ਜਾਂਦਾ ਹੈ।

ਤੰਬਾਕੂ ਦੇ ਖਿਲਾਫ਼ ਹਰ ਵਰ੍ਹੇ ਵਿਸ਼ਵ ਪੱਧਰ ਤੇ ਇੱਕ ਦਿਹਾੜਾ ਨਿਸ਼ਚਿਤ ਹੈ। ੩੧ ਮਈ ਦਾ ਦਿਨ ਇਸ ਦੇ ਖਿਲਾਫ਼ ਬੜੀਆਂ ਧੂੰਆਂ ਧਾਰ ਤਕਰੀਰਾਂ ਹੁੰਦੀਆਂ ਹਨ। ਬੈਨਰ ਚੁੱਕ ਚੁੱਕ ਕੇ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ। ਅਖ਼ਬਾਰਾਂ ਦੇ ਕਾਲਮ ਇਸ ਦਿਨ ਬਹੁਤ ਕੁਝ ਬੋਲਦੇ ਹਨ ਪਰ ਕਹਾਣੀ ਉਥੇ ਦੀ ਉਥੇ ਹੀ ਅਟਕੀ ਹੋਈ ਹੈ। ਕੋਈ ਵੀ ਤੰਬਾਕੂ ਵੇਚਦਾ ਖੋਖਾ ਇਕ ਇੰਚ ਵੀ ਅੱਗੇ ਪਿੱਛੇ ਨਹੀਂ ਹੁੰਦਾ। ਆਖ਼ਰ ਅਸੀਂ ਸਾਰੇ ਜਣੇ ਕਿਸ ਨੂੰ ਧੋਖਾ ਦੇ ਰਹੇ ਹਾਂ, ਸਿਰਫ ਆਪਣੇ ਆਪ ਨੂੰ। ਤੰਬਾਕੂ ਪੀਣ ਵਾਲਾ ਵਿਅਕਤੀ ਹੀ ਸਿਰਫ਼ ਇਸ ਦੇ ਮਾਰੂ ਅਸਰ ਤੋਂ ਪੀੜਤ ਨਹੀਂ ਹੁੰਦਾ ਸਗੋਂ ਇਸ ਦੇ ਧੂੰਏਂ ਵਿੱਚ ਸ਼ਾਮਲ ਜ਼ਹਿਰੀਲੇ ਕਣ ਕਿਸੇ ਕੋਲੋਂ ਲੰਘਦੇ ਆਦਮੀ ਨੂੰ ਵੀ ਬੀਮਾਰੀ ਦਾ ਪ੍ਰਸ਼ਾਦ ਵੰਡ ਸਕਦੇ ਹਨ। ਇਹ ਗੱਲ ਸਾਰੇ ਹੀ ਜਾਣਦੇ ਹਨ ਕਿ ਇਸ ਤੰਬਾਕੂ-ਨੋਸ਼ੀ ਕਾਰਨ ਹਰ ਵਰ੍ਹੇ ਕਿੰਨੇ ਘਰਾਂ ਦੇ ਸੁਹਾਗ ਉਜੜਦੇ ਹਨ, ਬੱਚੇ ਅਨਾਥ ਹੁੰਦੇ ਹਨ। ਪਰ ਸਾਡੀ ਢੀਠਤਾਈ ਦੀ ਹੱਦ ਇਹ ਹੈ ਕਿ ਤੰਬਾਕੂ ਪੀ ਪੀ ਕੇ ਫੇਫੜੇ ਦਾ ਕੈਂਸਰ ਕਰਵਾ ਕੇ ਮਰੇ ਆਦਮੀ ਦੀ ਮਾਤਮ ਪੁਰਸੀ ਵੇਲੇ ਵੀ ਸਾਡੇ ਮੂੰਹੋਂ ਸੱਚ ਨਹੀਂ ਨਿਕਲਦਾ ਸਗੋਂ ਇਹ ਕਦੇ ਨਹੀਂ ਆਖਦੇ ਕਿ ਤੰਬਾਕੂ ਇਸ ਦੀ ਉਮਰ ਨੂੰ ਹਰ ਰੋਜ਼ ਘਟਾਈ ਗਿਆ ਜਿਸ ਲਈ ਮਰਨ ਵਾਲਾ ਵਿਅਕਤੀ ਇਕੱਲਾ ਜ਼ੁੰਮੇਵਾਰ ਨਹੀਂ ਸਗੋਂ ਅਸੀਂ ਸਾਰੇ ਹੀ ਉਸਦੇ ਕਾਤਲ ਹਾਂ ਜਿਨ੍ਹਾਂ ਨੇ ਨਸ਼ਾ ਰਹਿਤ ਸਮਾਜ ਸਿਰਜਣ ਵਿੱਚ ਦੇਰੀ ਕੀਤੀ ਹੈ। ਕਈ ਕਾਹਲੇ ਲੋਕ ਇਹ ਵੀ ਆਖਦੇ ਹਨ ਕਿ ਨਸ਼ਿਆਂ ਦੇ ਖਿਲਾਫ਼ ਕਾਨੂੰਨ ਨੂੰ ਸਖ਼ਤੀ ਵਰਤਣੀ ਚਾਹੀਦੀ ਹੈ ਪਰ ਅਜਿਹਾ ਆਖ ਕੇ ਅਸੀਂ ਆਪਣੀ ਜ਼ੁੰਮੇਵਾਰੀ ਤੋਂ ਭੱਜਦੇ ਹਾਂ। ਕਾਨੂੰਨ ਦੀ ਸਖਤੀ ਇੱਕ ਪਹਿਲੂ ਹੈ ਬਾਕੀ ਜ਼ੁੰਮੇਵਾਰੀ ਸਮਾਜ ਦੇ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਇਸ ਭਿਆਨਕ ਨਸ਼ੇ ਦੀ ਭਿਆਨਕਤਾ ਬਾਰੇ ਚੇਤਨਾ ਹੈ।

ਇਹ ਗੱਲ ਸਾਡੇ ਲੋਕ ਗੀਤਾਂ ਵਿੱਚ ਵੀ ਵਾਰ-ਵਾਰ ਆਈ ਹੈ ਕਿ ਨਸ਼ਿਆਂ ਨੇ ਲੱਖਾਂ ਘਰ ਗਾਲੇ ਹਨ ਅਤੇ ਨਸ਼ਿਆਂ ਦੀ ਬਰਬਾਦੀ ਨਾਲ ਵਸਦੇ-ਰਸਦੇ ਘਰ ਉਜਾੜ ਬੀਆ-ਬਾਨ ਬਣ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼ਰਾਬ ਵਰਗੇ ਨਸ਼ੇ ਦਾ ਸੂਬਿਆਂ ਦੀ ਆਰਥਿਕਤਾ ਲਈ ਮੁੱਖ ਕਮਾਈ ਸਾਧਣ ਬਣ ਜਾਣਾ ਵੀ ਅਫਸੋਸਨਾਕ ਪਹਿਲੂ ਹੈ। ਤੁਸੀਂ ਆਪ ਸੋਚੋ ਜਿਸ ਸ਼ਰਾਬ ਦੀ ਕਮਾਈ ਨਾਲ ਸੂਬਿਆਂ ਦਾ ਰਾਜ ਪ੍ਰਬੰਧ ਚੱਲ ਰਿਹਾ ਹੋਵੇ ਉਥੇ ਨਸ਼ਾਬੰਦੀ ਦਾ ਸੁਪਨਾ ਕਿਵੇਂ ਲਿਆ ਜਾ ਸਕਦਾ ਹੈ। ਅਸੀਂ ਆਪਣੇ ਲੋਕਾਂ ਨੂੰ ਇਸ ਹੱਦ ਤੱਕ ਨਸ਼ਿਆਂ ਦਾ ਗੁਲਾਮ ਬਣਾ ਲਿਆ ਹੈ ਕਿ ਨਸ਼ਾ ਨਾ ਮਿਲਣ ਦੀ ਸੂਰਤ ਵਿੱਚ ਉਹ ਕੁਝ ਵੀ ਕਰ ਸਕਦੇ ਹਨ। ਗੁਆਂਢੀ ਰਾਜ ਹਰਿਆਣਾ ਵਿੱਚ ਕੁਝ ਸਮੇਂ ਲਈ ਕੀਤੀ ਨਸ਼ਾਬੰਦੀ ਨੇ ਜਿੱਥੇ ਇਸ ਸੁਪਨੇ ਦੇ ਸੁਪਨਕਾਰ ਨੂੰ ਰਾਜਗੱਦੀ ਤੋਂ ਲਾਂਭੇ ਹਟਾਇਆ ਉਥੇ ਕਰੋੜਾਂ ਰੁਪਏ ਦੀ ਸ਼ਰਾਬ ਨਜਾਇਜ਼ ਰੂਪ ਵਿੱਚ ਵਿਕਣ ਦਾ ਵੀ ਉਲਾਂਭਾ ਖੱਟਿਆ। ਸਾਡੇ ਹੁਕਮਰਾਨ



Sri Satguru Jagjit Singh Ji eLibrary NamdhariElibrary@gmail.com

ਭਾਵੇਂ ਕਿਸੇ ਵੀ ਸਿਆਸੀ ਰੰਗ ਦੇ ਹੋਣ, ਹੁਣ ਕਦੇ ਵੀ ਇਹ ਖਤਰਾ ਮੁੱਲ ਨਹੀਂ ਲੈਣਗੇ ਕਿ ਨਸ਼ਾਬੰਦੀ ਕਰਕੇ ਰਾਜ ਭਾਗ ਨੂੰ ਹੱਥੋਂ ਛੱਡਿਆ ਜਾਵੇ, ਜਵਾਨੀ ਭਾਵੇਂ ਤਬਾਹ ਹੋ ਜਾਵੇ। ਇਕ ਗੀਤ ਸੁਣਿਆ ਸੀ—

ਅੱਗੇ ਰਾਹੀ ਰਾਹ ਪੁੱਛਦੇ,
ਹੁਣ ਪੁੱਛਦੇ ਸ਼ਰਾਬ ਵਾਲੇ ਠੇਕੇ।

ਪਰ ਹੁਣ ਇਹ ਗੱਲ ਸਿਰਫ ਗੀਤਾਂ ਵਿੱਚ ਹੀ ਸੱਚ ਲੱਗਦੀ ਹੈ ਕਿਉਂਕਿ ਹੁਣ ਸ਼ਰਾਬੀਆਂ ਨੂੰ ਠੇਕਾ ਪੁੱਛਣ ਦੀ ਲੋੜ ਨਹੀਂ, ਹਰ ਚੌਂਕ ਵਿੱਚ ਹੀ ਠੇਕਾ ਹੈ। ਉਸ ਤੋਂ ਬਚ ਕੇ ਕੋਈ ਵੀ ਸ਼ਰਾਬੀ ਘਰ ਕਿਵੇਂ ਸੁੱਕਾ ਪਹੁੰਚ ਸਕਦਾ ਹੈ। ਪਿਛਲੇ ਦਿਨੀਂ ਲੰਮਾ ਸਮਾਂ ਸ਼ਰਾਬ ਪੀ ਕੇ ਗੁਰਦਿਆਂ ਦੀ ਬੀਮਾਰੀ ਸਹੇੜੀ ਬੈਠੇ ਇੱਕ ਸੱਜਣ ਨੇ ਬੜੇ ਕਸ਼ਟ ਨਾਲ ਇਹ ਗੱਲ ਦੱਸੀ ਕਿ ਸ਼ਰਾਬ ਦਾ ਠੇਕਾ ਜੇ ਘਰ ਦੇ ਨੇੜੇ ਨਾ ਹੁੰਦਾ ਤਾਂ ਮੇਰੀ ਇਹ ਹਾਲਤ ਨਾ ਹੁੰਦੀ।

ਦੱਸ ਨੀ ਸ਼ਰਾਬ ਦੀ ਬੋਤਲੇ ਕਮੀਨੀਏ,
ਮੈਂ ਤੈਨੂੰ ਪੀਂਦਾ ਹਾਂ ਜਾਂ ਤੂੰ ਮੈਨੂੰ ਪੀਨੀ ਏਂ।

ਇਹ ਗੱਲ ਵਿਚਾਰਨ ਵਾਲੀ ਹੈ ਕਿ ਅਸੀਂ ਕਿੰਨਾ ਕੁ ਚਿਰ ਇਸ ਨਸ਼ੇ ਦੀ ਵਿਕਰੀ ਕਰ-ਕਰਕੇ ਰਾਜ ਪ੍ਰਬੰਧ ਦੀਆਂ ਕੋਠੜੀਆਂ ਨੂੰ ਠੁੰਮਣਾ ਦਈ ਰੱਖਾਂਗੇ। ਸਾਨੂੰ ਆਪਣੇ ਰਾਜ ਪ੍ਰਬੰਧ ਦੀ ਛੱਤ ਹੇਠਾਂ ਪਾਏਦਾਰ ਆਰਥਿਕ ਕੰਧਾਂ ਦੀ ਉਸਾਰੀ ਕਰਨੀ ਪਵੇਗੀ।

ਇਹ ਗੱਲ ਵੀ ਵਿਚਾਰ ਮੰਗਦੀ ਹੈ ਕਿ ਅਸੀਂ ਨਸ਼ਿਆਂ ਨੂੰ ਕਿਸੇ ਖੁਸ਼ੀ ਨੂੰ ਮਨਾਉਣ ਜਾਂ ਗ਼ਮੀ ਨੂੰ ਦੂਰ ਕਰਨ ਦਾ ਵਸੀਲਾ ਕਿਉਂ ਬਣਾਇਆ ਹੈ। ਕੀ ਅਸੀਂ ਇਸ ਦੀ ਗ਼ੁਲਾਮੀ ਤੋਂ ਮੁਕਤ ਨਹੀਂ ਹੋ ਸਕਦੇ ? ਸਾਨੂੰ ਇਹ ਵਿਚਾਰਨਾ ਪਵੇਗਾ ਕਿ ਆਪਣੇ ਘਰਾਂ ਵਿੱਚ ਸ਼ਰਾਬ ਰੁਤਬੇ ਦੀ ਬੁਲੰਦੀ ਦਾ ਸਬੂਤ ਬਣ ਕੇ ਪੇਸ਼ ਨਾ ਹੋਵੇ ਸਗੋਂ ਇਸ ਨੂੰ ਇਕ ਕਮਜ਼ੋਰੀ ਸਮਝ ਕੇ ਪਛਾਣਿਆ ਜਾਵੇ।

ਕੋਈ ਸਮਾਂ ਸੀ ਜਦ ਸ਼ਰਾਬ ਪੀਣ ਵਾਲਾ ਆਦਮੀ ਆਪਣੇ ਘਰ ਮੂੰਹ ਘੁੱਟ ਕੇ ਵੜਦਾ ਸੀ ਕਿ ਕਿਤੇ ਮੇਰੀ ਪਤਨੀ, ਜਵਾਨ ਪੁੱਤਰ ਜਾਂ ਮੁਟਿਆਰ ਧੀ ਨੂੰ ਇਸ ਦੀ ਬਦਬੂ ਨਾ ਆ ਜਾਵੇ। ਪਰ ਹੁਣ ਘਰ ਆਏ ਮਹਿਮਾਨ ਦੀ ਉਡੀਕ ਕਈ ਵਾਰ ਸਿਰਫ਼ ਏਸ ਵਾਸਤੇ ਕੀਤੀ ਜਾਂਦੀ ਹੈ ਕਿ ਘੜੀ ਬੈਠਾਂਗੇ, ਪੀਵਾਂਗੇ। ਬਹੁਤ ਸਾਰੇ ਨਵੇਂ ਅਮੀਰ ਹੋਏ ਸ਼ਹਿਰੀ ਘਰਾਂ ਵਿੱਚ ਜਿੱਥੇ ਪੂਜਾ ਸਥਾਨਾਂ ਦੀਆਂ ਉਸਾਰੀਆਂ ਵੀ ਜ਼ੋਰਾਂ ਤੇ ਹਨ ਉਨ੍ਹਾਂ ਹੀ ਘਰਾਂ ਵਿੱਚ ਬਹੁਤ ਥਾਈਂ ਸ਼ਰਾਬ ਦੇ ਲੁਕਵੇਂ ਪ੍ਰਬੰਧ ਕੀਤੇ ਹੋਏ ਮੈਂ ਖੁਦ ਵੇਖੇ ਹਨ। ਕੀ ਅਸੀਂ ਇਸ ਦੋਗਲੀ ਜ਼ਿੰਦਗੀ ਤੋਂ ਮੁਕਤ ਨਹੀਂ ਹੋ ਸਕਦੇ ? ਅਸਲ ਵਿੱਚ ਉਸ ਭਟਕਣ ਤੋਂ ਮੁਕਤੀ ਦੀ ਲੋੜ ਹੈ ਜੋ ਸਾਨੂੰ ਆਪਣੇ ਆਪ ਦੇ ਰੂ-ਬ-ਰੂ ਨਹੀਂ ਹੋਣ ਦਿੰਦੀ। ਹਮੇਸ਼ਾਂ ਅਸੀਂ ਕਿਸੇ ਹੋਰ ਥਾਂ ਜਾਂ ਨਸ਼ੇ ਤੋਂ ਹੀ ਆਪਣੇ ਦੁੱਖਾਂ ਦੀ ਦਵਾਈ ਮੰਗਦੇ ਹਾਂ। ਇਹ ਗੱਲ ਭਾਵੇਂ ਤੁਹਾਨੂੰ ਕੌੜੀ ਲੱਗੇ ਪਰ ਇਹ ਹਜ਼ਮ ਕਰਨੀ ਹੀ ਪਵੇਗੀ ਕਿ ਜਿੰਨਾ ਚਿਰ ਨਸ਼ਾ ਕਰਨ ਵਾਲੇ ਪੁੱਤਰ, ਬਾਪ ਜਾਂ ਪਤੀ ਨੂੰ ਔਰਤ ਨੱਥ ਨਹੀਂ ਪਾਉਂਦੀ ਓਨਾ ਚਿਰ ਇਸ ਕੋਹੜ ਤੋਂ ਮੁਕਤੀ ਹਾਸਲ ਨਹੀਂ ਹੋ ਸਕਦੀ। ਜੇਕਰ ਪੰਜਾਬ ਦੀਆਂ ਔਰਤਾਂ ਹੀ ਇਕੱਠੀਆਂ ਹੋਣ ਦੀ ਥਾਂ ਆਪੋ ਆਪਣੇ ਘਰੀਂ ਸ਼ਰਾਬਬੰਦੀ ਦਾ ਬਿਗਲ ਵਜਾ ਦੇਣ ਤਾਂ ੫੦ ਫੀਸਦੀ ਨਸ਼ਾਬੰਦੀ ਇਕ ਰਾਤ ਵਿੱਚ ਹੀ ਸੰਭਵ ਹੈ। ਨਸ਼ੇ ਵਿੱਚ ਗਲਤਾਨ ਆਦਮੀ ਆਪਣੇ ਘਰਾਂ ਨੂੰ ਨਰਕ ਬਣਾ ਕੇ ਇਸ ਜੀਵਨ ਜਾਚ ਦੇ ਚੱਕਰਵਿਊ ਵਿਚੋਂ ਨਿਕਲਣ ਦੇ ਸਮਰਥ ਨਹੀਂ ਰਹਿੰਦੇ। ਇਸ ਚੱਕਰਵਿਊ ਨੂੰ ਤੋੜਨਾ ਧਾਰਮਿਕ ਜੱਥੇਬੰਦੀਆਂ, ਸਿਹਤ ਚੇਤਨਾ ਕੇਂਦਰਾਂ ਅਤੇ ਸਮਾਜਿਕ ਵਿਕਾਸ ਜੱਥੇਬੰਦੀਆਂ ਦਾ ਫ਼ਰਜ਼ ਹੈ।

ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਅਤੇ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਲੱਗੇ ਪੰਜਾਬੀਆਂ ਰਾਹੀਂ ਜ਼ਰਦਾ, ਅਫ਼ੀਮ, ਭੰਗ ਅਤੇ ਪੋਸਤ ਦੇ ਨਸ਼ੇ ਆਏ ਹਨ। ਪਹਿਲਾਂ ਸਿਰਫ਼ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਕੰਮ ਕਰਦੇ ਡਰਾਈਵਰ, ਖਲਾਸੀ ਅਤੇ ਹੋਰ ਸਹਾਇਕ ਮਜ਼ਦੂਰ ਵਰਗ ਦੇ ਲੋਕ ਹੀ ਇਸ ਤੋਂ ਪੀੜਤ ਸਨ, ਪਰ ਹੁਣ ਪਿੰਡ ਪਿੰਡ, ਸ਼ਹਿਰ-ਸ਼ਹਿਰ ਆਏ ਪ੍ਰਵਾਸੀ ਮਜ਼ਦੂਰ ਇੰਨੀ ਗਿਣਤੀ ਵਿੱਚ ਪੰਜਾਬ ਵਸ ਗਏ ਹਨ ਕਿ ਉਨ੍ਹਾਂ ਦੀ ਨਸ਼ਾ ਪੂਰਤੀ ਲਈ ਨਸ਼ਿਆਂ ਦੀਆਂ ਨਵੀਆਂ ਮੰਡੀਆਂ ਵੀ ਵਿਕਸਤ ਹੋ ਗਈਆਂ ਹਨ। ਤਲੀ ਤੇ ਮਲ ਕੇ ਬੁੱਲਾਂ ਹੇਠ ਰੱਖਣ ਵਾਲਾ ਜ਼ਰਦਾ ਪਿੰਡ ਪਿੰਡ ਵਿਕ ਰਿਹਾ ਹੈ। ਬੜੇ ਦਿਲਕਸ਼ ਨਾਵਾਂ ਅਤੇ ਪੁੜੀਆਂ ਵਿੱਚ ਵਿਕਦੇ ਇਸ ਜ਼ਹਿਰ ਦੇ ਦਰਸ਼ਨ ਤੁਸੀਂ ਅਕਸਰ ਕਰਦੇ ਹੋਵੋਗੇ। ਪਰ ਕਿਸੇ ਕੈਂਸਰ ਹਸਪਤਾਲ ਵਿੱਚ ਪਏ ਦੰਦਾਂ ਅਤੇ ਜਬਾੜੇ ਦੇ ਕੈਂਸਰ ਵਾਲੇ ਰੋਗੀ ਨੂੰ ਪੁੱਛਿਓ ਉਸ ਨੂੰ ਇਹ ਸੁਗਾਤ ਕਿਥੋਂ ਮਿਲੀ ਹੈ ਉਹ ਆਪੇ ਹੀ ਇਨ੍ਹਾਂ ਪੁੜੀਆਂ ਦੀ ਨਿਸ਼ਾਨਦੇਹੀ ਦੱਸ ਦੇਵੇਗਾ।

ਸਾਡੇ ਸੁੱਤਿਆਂ ਸੁੱਤਿਆਂ ਨਸ਼ਿਆਂ ਦੇ ਹੜ੍ਹ ਦਾ ਪਾਣੀ ਸਾਡੇ ਘਰਾਂ ਦੀਆਂ ਕੰਧਾਂ ਤੋੜ ਕੇ ਅੰਦਰ ਆ ਵੜਿਆ ਹੈ ਪਰ ਅਸੀਂ ਅਜੇ ਵੀ ਘੂਕ ਸੁੱਤੇ ਪਏ ਹਾਂ ਸਾਨੂੰ ੩੬੫ ਦਿਨਾਂ ਵਿਚੋਂ ਸਿਰਫ਼ ਇਕੋ ਦਿਨ ਮਾਰੀ ਆਵਾਜ਼ ਕਦੇ ਨਹੀਂ ਜਗਾ ਸਕਦੀ। ਸਾਨੂੰ ਹਰ ਪਲ, ਹਰ ਦਿਨ ਇਸ ਨਸ਼ੀਲੇ ਨਿਜ਼ਾਮ ਦੇ ਖਿਲਾਫ਼ ਬੋਲਣਾ ਪਵੇਗਾ, ਜਾਗਣਾ ਪਵੇਗਾ ਅਤੇ ਇਹ ਨਸ਼ੀਲਾ ਹੜ੍ਹ ਰੋਕਣਾ ਪਵੇਗਾ।

ਅੱਜ ਸਮਾਂ ਕਿਸੇ ਇਕ ਧਿਰ ਤੇ ਇਲਜ਼ਾਮ ਲਗਾਉਣ ਦਾ ਨਹੀਂ, ਸੋਚਣ ਦਾ ਵੇਲਾ ਹੈ ਕਿ ਪੰਜਾਬ ਦਾ ਮਿਹਨਤੀ ਹੱਥ, ਸੋਚਵਾਨ ਦਿਮਾਗ ਰੌਸ਼ਨ ਭਵਿੱਖ ਕਿਵੇਂ ਬਚਾਉਣਾ ਹੈ। ਇਸ ਕੰਮ ਲਈ ਨਸ਼ੇ ਦੇ ਜਾਇਜ਼, ਨਜ਼ਾਇਜ ਕਾਰੋਬਾਰ ਵਿੱਚ



Sri Satguru Jagjit Singh Ji eLibrary NamdhariElibrary@gmail.com

ਲੱਗੇ ਵਿਅਕਤੀਆਂ, ਸਮੂਹਾਂ ਅਤੇ ਵਿਭਾਗਾਂ ਨੂੰ ਇਸ ਨਿਜ਼ਾਮ ਦੀ ਭਿਆਨਕਤਾ ਬਾਰੇ ਚੇਤਨਾ ਤਾਂ ਹੈ ਪਰ ਇਸਦੇ ਦੂਰਰਸ ਸਿੱਟਿਆਂ ਦੀ ਸੋਝੀ ਨਹੀਂ, ਸ਼ਾਇਦ ਇਸੇ ਕਰਕੇ ਸੱਤਾਵਾਨ ਲੋਕ ਬਹੁ-ਗਿਣਤੀ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਆਪਣੇ ਸਾਧਨ ਲਗਾ ਰਹੇ ਹਨ। ਉਤਪਾਦਕ ਸ਼ਕਤੀਆਂ ਦਿਨੋ ਦਿਨ ਕਮਜ਼ੋਰ ਹੋ ਰਹੀਆਂ ਹਨ। ਜੇਕਰ ਨਸ਼ਿਆਂ ਦੇ ਕਾਰੋਬਾਰ ਵਿੱਚ ਲੱਗਿਆ ਸਰਮਾਇਆ ਨਵੇਂ ਉਦਯੋਗਾਂ ਅਤੇ ਕਾਰੋਬਾਰਾਂ ਵਿੱਚ ਲੱਗੇ ਤਾਂ ਕਿੰਨੇ ਵਿਹਲੇ ਹੱਥਾਂ ਨੂੰ ਰੋਜ਼ਗਾਰ ਮੁਹੱਈਆ ਹੋ ਸਕਦਾ ਹੈ। ਪਰ ਹੁਣ ਬੇਰੁਜ਼ਗਾਰੀ ਅਤੇ ਅਸੁਰੱਖਿਅਤ ਭਵਿੱਖ ਦਾ ਭੈ ਸਾਡੀ ਜਵਾਨੀ ਨੂੰ ਨਸ਼ਿਆਂ ਵਾਲੇ ਪਾਸੇ ਤੋਰ ਕੇ ਹੋਰ ਵੀ ਤਬਾਹੀ ਵਾਲੇ ਪਾਸੇ ਲਿਜਾ ਰਿਹਾ ਹੈ। ਇਸ ਕੰਮ ਵਿੱਚ ਸੰਚਾਰ ਮਾਧਿਅਮ ਵੀ ਬੜਾ ਮਾੜਾ ਰੋਲ ਅਦਾ ਕਰ ਰਹੇ ਹਨ। ਫਿਲਮਾਂ, ਟੈਲੀ ਸੀਰੀਅਲ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਮ ਹੇਠ ਹੋ ਰਿਹਾ ਵਣਜ-ਵਪਾਰ ਸ਼ਰਾਬ ਦੇ ਦਖ਼ਲ ਨੂੰ ਘੱਟ ਕਰਨ ਦੀ ਥਾਂ ਵਧਾ ਰਿਹਾ ਹੈ। ਸ਼ਰਾਬ ਦੀਆਂ ਬਹੁ-ਕੌਮੀ ਕੰਪਨੀਆਂ ਨੰਗੇਜ਼ ਦੇ ਸਹਾਰੇ ਸਾਡੇ ਘਰਾਂ ਵਿੱਚ ਅਜਿਹਾ ਕੁਝ ਬੀਜ ਰਹੀਆਂ ਹਨ ਜਿਸ ਦਾ ਫ਼ਲ ਤਬਾਹੀ ਦੇ ਰੂਪ ਵਿੱਚ ਸਾਨੂੰ ਹੀ ਵੱਢਣਾ ਪਵੇਗਾ। ਇਸ ਘੜੀ ਮੈਂ ਸਿਰਫ਼ ਇਹੀ ਕਹਾਂਗਾ ਕਿ ਨਸ਼ਿਆਂ ਦੇ ਖਿਲਾਫ਼ ਸਿਹਤਮੰਦ ਸਮਾਜ ਸਿਰਜਣ ਲਈ ਆਓ ਜਾਗੀਏ, ਉਠੀਏ ਅਤੇ ਕਾਫ਼ਲਾ ਬਣੀਏ।

ਜਦੋਂ ਮਾਵਾਂ, ਧੀਆਂ, ਪਤਨੀਆਂ ਆਪਣੇ ਘਰਾਂ ਵਿੱਚ ਨਸ਼ੀਲੀਆਂ ਬੋਤਲਾਂ ਦਾ ਦਾਖਲਾ ਬੰਦ ਕਰਨਗੀਆਂ ਜਾਂ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਬਦਬੂ ਨੂੰ ਨਫ਼ਰਤ ਕਰਨਗੀਆਂ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਦਾ ਗੱਭਰੂ ਨਸ਼ਾ ਤਿਆਗ ਕੇ ਸਹੀ ਰਸਤੇ ਉਪਰ ਤੁਰੇਗਾ। ਅਸੀਂ ਰਲਕੇ ਉਹ ਨਿਜ਼ਾਮ ਸਿਰਜਣਾ ਹੈ ਜਿਸ ਵਿੱਚ ਨਸ਼ਿਆਂ ਦੀ ਵਰਤੋਂ ਕੁਰਹਿਤ ਹੋਵੇ। ਧਰਮ ਸਥਾਨਾਂ, ਖੇਡ ਅਖਾੜਿਆਂ, ਸਭਿਆਚਾਰਕ ਸੱਥਾਂ, ਮਿੱਤਰ ਮਿਲਣੀਆਂ, ਸਾਹਿਤ ਸਭਾਵਾਂ ਅਤੇ ਟਰੇਡ ਯੂਨੀਅਨ ਮੀਟਿੰਗਾਂ ਵਿੱਚ ਇਹ ਗੱਲ ਸਾਨੂੰ ਸਾਰਿਆਂ ਨੂੰ ਮੁੱਖ ਮੁੱਦੇ ਦੇ ਤੌਰ ਤੇ ਵਿਚਾਰਨੀ ਪਵੇਗੀ ਕਿ ਜੇਕਰ ਨਸ਼ਿਆਂ ਦੇ ਪਿਆਲੇ ਵਿੱਚ ਪੰਜਾਬ ਹੋਰ ਕੁਝ ਚਿਰ ਡੁੱਬਿਆ ਰਿਹਾ ਤਾਂ ਅਸੀਂ ਖੁਦ ਕਿਵੇਂ ਜੀਵਾਂਗੇ। ਇਹ ਗੱਲ ਸਾਨੂੰ ਸਿਰਫ਼ ਆਪਣੇ ਪਰਿਵਾਰ ਕਿ ਨਸ਼ਿਆਂ ਦੀ ਖੁਮਾਰੀ ਸਾਡੇ ਭਵਿੱਖ ਦੀ ਖੁਆਰੀ ਬਣ ਸਕਦੀ ਹੈ। ਜ਼ਿੰਦਗੀ ਦੇ ਸੁਹਜਵੰਤੇ ਰੂਪ ਦੀ ਉਸਾਰੀ ਲਈ, ਘਰ ਘਰ ਮਹਿਕਦੀ ਫੁੱਲਾਂ ਦੀ ਕਿਆਰੀ ਲਈ, ਪੰਜਾਬ ਦੀ ਚੰਗੀ ਉਸਾਰੀ ਲਈ—ਆਓ ਨਸ਼ਿਆਂ ਨੂੰ ਇਸ ਧਰਤੀ ਤੋਂ ਦੂਰ ਭਜਾਈਏ, ਖੁਦ ਵੀ ਸਮਝੀਏ, ਹੋਰਨਾਂ ਨੂੰ ਵੀ ਸਮਝਾਈਏ।

*ਮੀਤ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ*

## ਸੀਮਾ ਤੇ ਖਲੋਤਾ ਰੁੱਖ

*—ਸ਼ਿਵਨਾਥ*

ਇਹ ਨਹੀਂ ਕੋਈ
ਮਹਾਂ-ਭਾਰਤ ਦਾ ਸੰਜੈ
ਜੋ ਸੁਣਾ ਸੱਕੇ
ਕਿਸੇ ਅੰਨ੍ਹੇ ਨੂੰ ਹਾਲ
ਇਸ ਦੀਆਂ ਗੱਲਾਂ ਤਾਂ
ਸੁਣ ਸਕਦੇ ਹੋ ਖ਼ੁਦ
ਅੱਖਾਂ ਦੇ ਨਾਲ।

ਕਈ ਦਫ਼ਾ ਇਸ ਨੇ ਸਹੇ
ਤੋਪਾਂ ਦੇ ਵਾਰ
ਕਈ ਦਫ਼ਾ ਵੱਜੀਆਂ ਨੇ ਇਹਦੇ
ਤਨ 'ਚ ਆ ਕੇ ਗੋਲੀਆਂ
ਕਈ ਦਫ਼ਾ ਲੱਗੇ ਨੇ
ਇਹਦੇ ਸਾਹਮਣੇ ਲਾਸ਼ਾਂ ਦੇ ਢੇਰ
ਕਈ ਦਫ਼ਾ ਵੇਖੀ ਏ ਇਸ ਨੇ
ਖ਼ੂਨ ਵਿਚ ਡੁੱਬੀ ਸਵੇਰ।

ਕਈ ਦਫ਼ਾ ਸੁਣ ਕੇ ਧਮਾਕੇ
ਇਹ ਬੜਾ ਹੀ ਡਰ ਗਿਆ
ਕਈ ਦਫ਼ਾ ਇਕ ਟਾਣ੍ਹ ਟੁੱਟਣ ਤੇ
ਇਹ ਅੱਧਾ ਮਰ ਗਿਆ।

ਕਈ ਦਫ਼ਾ ਬਾਰੂਦ ਧੁਖ਼ਦਾ
ਵੇਖ ਕੇ ਇਹ ਡੋਲਿਆ
ਕਈ ਦਫ਼ਾ ਇਹ ਝੁਲਸ ਕੇ
ਖ਼ਾਮੋਸ਼ ਬੋਲੀ ਬੋਲਿਆ
ਪਰ ਕਿਸੇ ਨੇ ਅੱਜ ਤੀਕਰ ਵੀ
ਨਹੀਂ ਦਿੱਤਾ ਧਿਆਨ
ਸੌ ਦਫ਼ਾ ਹੋਇਆ ਏ ਸ਼ਾਇਦ
ਇਹ ਵਿਚਾਰਾ ਲਹੂ-ਲੁਹਾਨ!
ਸੌ ਦਫ਼ਾ ਹੋਈ ਏ ਭੈੜੀ ਮੌਤ
ਇਸ ਉੱਤੇ ਸਵਾਰ
ਹੋ ਕੇ ਫਟੱੜ ਤੜਪਿਆ ਲਗਦਾ ਹੈ
ਇਹ ਵੀ ਬਾਰ-ਬਾਰ।

ਇਹ ਨਹੀਂ ਕੋਈ
ਮਹਾਂ-ਭਾਰਤ ਦਾ ਸੰਜੈ
ਜੋ ਸੁਣਾ ਸੱਕੇ ਕਿਸੇ
ਅੰਨ੍ਹੇ ਨੂੰ ਹਾਲ
ਵੇਖਣਾ ਪੈਂਦਾ ਹੈ ਇਸਨੂੰ
ਆਪਣੀਆਂ ਅੱਖਾਂ ਦੇ ਨਾਲ
ਪਰਖਣੀ ਪੈਂਦੀ ਹੈ ਇਹਦੇ
ਹੇਠਲੀ ਉਹ ਸਰ-ਜ਼ਮੀਨ
ਜਿਸ ਤੇ ਚੜ੍ਹ ਆਉਂਦੇ ਰਹੇ ਨੇ
ਜਿੱਤ ਦੇ ਅੰਨ੍ਹੇ ਸ਼ੌਕੀਨ।

*1257-C-Lig, ਫੇਜ਼ - ੧੦ ਮੁਹਾਲੀ, ੧੬੦੦੫੯*



Sri Satguru Jagjit Singh Ji eLibrary NamdhariElibrary@gmail.com

*ਗੀਤ*

# ਮੁਸਕਰਾਉਣਾ ਜ਼ਿੰਦਗੀ ਹੈ

*—ਇੰਦਰਜੀਤ ਹਸਨਪੁਰੀ*

ਮੁਸਕਰਾਉਣਾ ਜ਼ਿੰਦਗੀ ਹੈ, ਮੁਸਕਰਾ
ਗ਼ਮ ਨਾ ਵੰਡੀਂ, ਵੰਡ ਤੂੰ ਖੁਸ਼ੀਆਂ ਸਦਾ

ਮੁਸਕਰਾਹਟ ਨਾਲ ਸਭ ਨੂੰ ਜਿੱਤ ਲੈ
ਜਿੱਤ ਲੈ ਦੁਨੀਆਂ ਤੂੰ ਰੱਬ ਨੂੰ ਜਿੱਤ ਲੈ
ਮੁਸਕਰਾਹਟ—ਹੀਰ ਹੋਠਾਂ ਤੇ ਨਚਾ
ਮੁਸਕਰਾਉਣਾ ਜ਼ਿੰਦਗੀ ਹੈ ............

ਜੇ ਮੁਸੀਬਤ ਵੀ ਮਿਲੇ, ਹੱਸ ਕੇ ਮਿਲੀਂ
ਕੰਡਿਆਂ ਵਿੱਚ ਵੀ ਤੂੰ ਫੁੱਲ ਬਣ ਕੇ ਖਿਲੀਂ
ਜੇ ਕਿਸੇ ਤੇ ਹੈ ਗ਼ਿਲਾ, ਤਾਂ ਭੁੱਲ ਜਾ
ਮੁਸਕਰਾਉਣਾ ਜ਼ਿੰਦਗੀ ਹੈ ............

ਹਿੰਮਤਾਂ ਵਾਲੇ ਕਦੇ ਨਾ ਹਾਰਦੇ
ਰਾਹ ਦੇ ਰੋੜੇ ਨੂੰ ਤੂੰ ਠੋਕਰ ਮਾਰ ਦੇ
ਜੋ ਬਣੇ ਰਾਹ ਦੀ ਰੁਕਾਵਟ, ਉਹ ਹਟਾ
ਮੁਸਕਰਾਉਣਾ ਜ਼ਿੰਦਗੀ ਹੈ ............

'ਹਸਨਪੁਰ' ਦੇ ਦਿਲ 'ਚ ਵਸਣਾ ਜ਼ਿੰਦਗੀ
ਰੋਈ ਜਾਣਾ ਮੌਤ, ਹੱਸਣਾ ਜ਼ਿੰਦਗੀ
ਬਣ ਕੇ ਸੂਰਜ, ਚੰਨ ਤਾਰੇ ਜਗਮਗਾ
ਮੁਸਕਰਾਉਣਾ ਜ਼ਿੰਦਗੀ ਹੈ ............

# ਗ਼ਜ਼ਲ

*—ਮਹਾਂਬੀਰ ਸਿੰਘ 'ਦਰਦੀ'*



ਅਜੇ ਹਰ ਦਿਨ ਵਧੀ ਜਾਂਦੇ ਹਨੇਰੇ, ਜਾਗਦੇ ਰਹਿਣਾ
ਵਿਰੋਧੀ ਘਾਤ ਵਿਚ ਬੈਠੇ ਚੁਫੇਰੇ, ਜਾਗਦੇ ਰਹਿਣਾ

ਤੁਸੀਂ ਰੱਖਣੇ ਉਕਾਬਾਂ ਜੇਡ ਜੇਰੇ, ਜਾਗਦੇ ਰਹਿਣਾ
ਬੜੇ ਚਾਤੁਰ ਨੇ ਪੱਛਮ ਦੇ ਲੁਟੇਰੇ, ਜਾਗਦੇ ਰਹਿਣਾ

ਬੜੀ ਮੁਸ਼ਕਲ ਘੜੀ ਹੈ ਦੇਸ਼ ਮੇਰੇ, ਜਾਗਦੇ ਰਹਿਣਾ
ਬੜੇ ਪੁਰਖਾਰ ਨੇ ਰਾਹ ਸਭ ਤੇਰੇ, ਜਾਗਦੇ ਰਹਿਣਾ

ਮਨਾਈ ਜਾ ਰਹੀ ਭਾਵੇਂ ਚਮਨ ਦੀ ਸੋਨ, ਬਰਸੀ ਪਰ
ਨਚੋੜਣ ਖੂਨ ਕਲੀਆਂ ਦਾ ਫੁਲੇਰੇ, ਜਾਗਦੇ ਰਹਿਣਾ

ਗਰਾਂ ਮੇਰੇ 'ਚ ਕਾਰਿੰਦੇ ਸ਼ਾਹਾਂ ਦੇ ਖੋਲ੍ਹ ਖੜਦੇ ਨੇ
ਗਰੀਬਾਂ ਦੇ ਘਰਾਂ ਵਿੱਚੋਂ ਲਵੇਰੇ, ਜਾਗਦੇ ਰਹਿਣਾ

ਅਜੇ ਤਾਂ ਰੋਜ਼ ਹੁੰਦੇ ਨੇ ਘੁਟਾਲੇ ਤਹਿਲਕਾ ਵਰਗੇ
ਭਵਿੱਖ ਵਿਚ ਹੋਰ ਹੋਵਣਗੇ ਬਥੇਰੇ, ਜਾਗਦੇ ਰਹਿਣਾ

ਸਚਾਈ ਨੂੰ ਲੁਕੋਵਣਗੇ ਕਦੋਂ ਤੱਕ ਕੁਫ਼ਰ ਦੇ ਪਰਦੇ
ਕਦੀ ਲਹਿਰਾਉਣਗੇ ਸੱਚ ਦੇ ਫ਼ਰੇਰੇ, ਜਾਗਦੇ ਰਹਿਣਾ

ਤੁਰੇ ਨੇ ਫਿਰ ਅਣਖ ਦੇ ਕਾਫ਼ਲੇ ਕਰਕੇ ਅਜ਼ਮ ਏਦਾਂ
ਮਿਟਾਂਗੇ ਜਾਂ ਮਿਟਾਵਾਂਗੇ ਹਨੇਰੇ, ਜਾਗਦੇ ਰਹਿਣਾ

ਬਣੇਗਾ ਕਿਸ ਤਰ੍ਹਾਂ ਕੋਈ ਰੁਕਾਵਟ ਰਾਹ ਅਸਾਡੇ ਦੀ
ਅਸੀਂ ਉੱਡਣਾ ਹਿਮਾਲਾ ਤੋਂ ਉਚੇਰੇ, ਜਾਗਦੇ ਰਹਿਣਾ

ਸਲਾਹਾਂ ਕਰਦੇ ਮਿਲ ਕੇ ਰੋਜ਼ ਕੁੱਲੀਆਂ ਅਤੇ ਢਾਰੇ,
ਰੜੇ ਮੈਦਾਨ ਕਰੀਏ ਕਿਉਂ ਬਸੇਰੇ, ਜਾਗਦੇ ਰਹਿਣਾ

ਸਿਦਕ ਸਾਡਾ ਡਰੇਗਾ ਜ਼ਾਲਮਾਂ ਦੇ ਜ਼ੁਲਮ ਤੋਂ ਕਿੱਦਾਂ
ਸਿਦਕ ਨੂੰ ਸਾਥ ਸਿਰੜਾਂ ਦੇ ਬਥੇਰੇ, ਜਾਗਦੇ ਰਹਿਣਾ

ਇਨ੍ਹਾਂ ਸਾਹਵੇਂ ਕਦੋਂ ਟਿਕਣਾ ਕਿਸੇ ਜਾਬਰ, ਕਿਸੇ ਤਾਜਰ
ਬਣੇ ਬੰਕਰ ਜਦੋਂ ਕੱਚੇ ਬਨੇਰੇ, ਜਾਗਦੇ ਰਹਿਣਾ

ਅਜੇ 'ਦਰਦੀ' ਬੜਾ ਹੈ ਜੋਰ ਭਾਵੇਂ ਰਾਤ ਕਾਲੀ ਦਾ
ਅਵਸ਼ ਚੜ੍ਹਣੇ ਕਦੀ ਸੂਹੇ ਸਵੇਰੇ, ਜਾਗਦੇ ਰਹਿਣਾ



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,**
**JAMMU CANTT.**



Sri Satguru Jagjit Singh Ji eLibrary NamdhariElibrary@gmail.com

# ਲੋਗੁ ਜਾਨੈ ਇਹੁ ਗੀਤ ਹੈ ਇਹੁ ਤਉ ਬ੍ਰਹਮ ਬੀਚਾਰ

—ਡਾ. ਕੁਲਵੰਤ ਕੌਰ

ਕਈ ਸਦੀਆਂ ਦੇ ਅੰਤਰਾਲ ਵਿਚ ਫੈਲੇ, ਹਜ਼ਾਰਾਂ ਮੀਲਾਂ ਦੇ ਫਾਸਲੇ ਤੇ ਵਿਚਰੇ, ਵਿਭਿੰਨ ਵਿਸ਼ਵਾਸਾਂ, ਭਿੰਨ ਭਿੰਨ ਸਭਿਆਚਾਰਾਂ ਅਤੇ ਜਨ-ਜੀਵਨ ਵਿਚ ਹੋਏ ਸਾਡੇ ਮਹਾਨ ਰਹਿਬਰਾਂ, ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰੂ ਘਰ ਨਾਲ ਅਨਿੱਖੜ ਢੰਗ ਨਾਲ ਜੁੜੇ ਦੂਸਰੇ ਗੁਰਸੇਵਕਾਂ ਦੇ ਅਨੁਭਵ-ਮੋਤੀ ਜਿਸ ਵਿਚਾਰ-ਮਾਲਾ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸ਼ਾਨ ਅਤੇ ਮਾਣ ਬਣੇ ਹਨ, ਉਹ ਸਭ ਵਕਤੀ ਬੰਧਨਾਂ, ਸਮੇਂ, ਸਥਾਨ ਅਤੇ ਦੂਸਰੀਆਂ ਸੀਮਾਵਾਂ ਦੇ ਦਾਇਰਿਆਂ ਤੋਂ ਨਿਰਲੇਪ ਹੈ। ਆਦਿ ਜੁਗਾਦੀ ਸੱਚ ਦਾ ਰੁਪਾਂਤਰਣ ਕਰਦੀ ਗੁਰਬਾਣੀ ਬੇਸ਼ੱਕ ਇਸ ਜੱਗ ਲਈ ਚਾਨਣ ਮੁਨਾਰਾ ਹੈ—ਇਕ ਨਾਯਾਬ ਰੱਬੀ ਦਾਤ। ਇਕ ਅਲੌਕਿਕ ਦੈਵੀ ਸੁਗਾਤ। ਇਕ ਦੁਰਲੱਭ ਵੱਥ। ਇਕ ਲਾਸਾਨੀ ਦਸਤਾਵੇਜ਼। ਇਕ ਅਦੁੱਤੀ ਸੋਤ ਜਿਸਦੀ ਗਹਿਰਾਈ ਵਿਚ ਉੱਤਰ ਕੇ ਬੇਸ਼ਕੀਮਤ ਵਿਚਾਰ-ਖ਼ਜ਼ਾਨੇ ਹਰ ਅਭਿਲਾਖੀ ਦਾ ਨਸੀਬ ਬਣ ਸਕਦੇ ਹਨ। ਇਸ ਦੇ ਚਿੰਤਨ ਦੀ ਅਮੀਰੀ ਜਗਿਆਸੂ ਨੂੰ ਮਾਲਾਮਾਲ ਕਰ ਸਕਦੀ ਹੈ। ਇਸ ਧੁਰ ਕੀ ਬਾਣੀ ਦਾ ਇਕਾਗਰ ਮਨ-ਮੰਥਨ ਜੀਵਾਤਮਾ ਨੂੰ ਉਚੇਰੇ ਮੰਡਲਾਂ ਵਿਚ ਲੈ ਜਾਣ ਦੇ ਸਮਰੱਥ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੂਹ ਬਾਣੀ ਉਸ ਸਦਾ ਸਥਿਰ ਪ੍ਰਮਾਤਮਾ ਦੀ ਆਰਾਧਨਾ ਵੀ ਹੈ ਅਤੇ ਬ੍ਰਹਮ ਚਿੰਤਨ ਦਾ ਸੱਚਾ ਸੁੱਚਾ ਪ੍ਰਗਟਾਵਾ ਵੀ। ਜੀਵਾਤਮਾ ਦੀ ਪ੍ਰਭੂ-ਪਤੀ ਲਈ ਬਿਹਬਲ ਸਿੱਕ ਵੀ ਅਤੇ ਦੀਰਘ ਅਧਿਆਤਮਕ ਵਿਚਾਰ ਵੀ। ਸ਼ਾਇਦ ਇਸੇ ਕਰਕੇ ਮੱਧਕਾਲ ਦੇ ਭਗਤ-ਸ਼ਿਰੋਮਣੀ ਸ੍ਰੀ ਕਬੀਰ ਜੀ ਫਰਮਾਉਂਦੇ ਹਨ—

ਲੋਗੁ ਜਾਨੈ ਇਹ ਗੀਤੁ ਹੈ॥
ਇਹ ਤਉ ਬ੍ਰਹਮ ਬੀਚਾਰ॥

ਸਤਿਗੁਰ ਨਾਨਕ ਪਾਤਿਸ਼ਾਹ ਦਾ ਆਦੇਸ਼ ਵੀ ਕੋਈ ਇਸ ਤੋਂ ਵੱਖਰਾ ਨਹੀਂ ਹੈ—

ਗਾਵਹੁ ਗੀਤੁ ਨ ਬਿਰਹੜਾ॥
ਨਾਨਕ ਬ੍ਰਹਮ ਬੀਚਾਰੋ॥

ਸਦੀਆਂ-ਪੂਰਵ ਜਨ ਜਨ ਦੇ ਉਧਾਰ, ਪਰਉਪਕਾਰ ਅਤੇ ਬਿਹਤਰੀ-ਕਲਿਆਣ ਲਈ ਸਿਰਜੀ ਗਈ ਬਾਣੀ ਬਾਰੇ ਸਾਡੇ ਮਹਾਂਪੁਰਖਾਂ ਦੇ ਇਹ ਭਾਵ-ਪੂਰਨ ਸੰਕੇਤ ਸਾਨੂੰ ਅੱਜ ਹੋਰ ਵੀ ਵਧੇਰੇ ਸ਼ਿੱਦਤ ਨਾਲ ਟੁੰਬ ਰਹੇ ਹਨ। ਕਾਰਨ ਬਿਲਕੁਲ ਸਪੱਸ਼ਟ ਹੈ ਕਿ ਜਿਸ ਅੰਮ੍ਰਿਤਮਈ, ਖਸਮ ਕੀ, ਦੈਵੀ ਅਤੇ ਰੱਬੀ ਬਾਣੀ ਦਾ ਮਨੋਰਥ ਦੰਭ-ਹੰਕਾਰ, ਕਰਮ ਕਾਂਡ, ਕੁਕਰਮ, ਅਧਰਮ, ਕੂੜ ਸੰਸਕਾਰਾਂ ਅਤੇ ਮਿਥਿਆ-ਭਰਮ ਦਾ ਨਾਸ਼ ਕਰਕੇ ਨੇਕੀ, ਸੱਚਾਈ, ਸਰਲਤਾ, ਸੁਧਰਮ, ਸਿਦਕ, ਸਿਰੜ ਅਤੇ ਅਸਲ ਜੀਵਨ-ਜਾਚ ਨੂੰ ਦ੍ਰਿੜ ਕਰਾਉਣਾ ਸੀ, ਉਸ ਬਾਣੀ ਨੂੰ ਮਹਿਜ਼ ਗੀਤ (ਗਾਨ) ਜਾਂ ਕੀਰਤਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਜਦੋਂਕਿ ਇਸਦੇ ਰਚਣਹਾਰਿਆਂ ਨੇ ਵਿਚਾਰ ਨੂੰ ਲਾਜ਼ਮੀ ਕਰਾਰ ਦਿੱਤਾ ਸੀ। ਇਲਾਹੀ ਕੀਰਤਨ ਦੀ ਮਹਿਮਾ, ਮਹਾਤਮ, ਮਹਾਨਤਾ ਅਤੇ ਉੱਚਤਾ ਸੰਬੰਧੀ ਕਿਸੇ ਵੀ ਗੁਰਮੁੱਖ ਜਾਂ ਜਗਿਆਸੂ ਨੂੰ ਕੋਈ ਭਰਮ ਭੁਲੇਖਾ ਜਾਂ ਸ਼ੰਕਾ ਨਹੀਂ ਹੈ ਕਿਉਂਕਿ ਮਹਾਂਪੁਰਸ਼ਾਂ ਨੇ ਇਸ ਪ੍ਰਥਾਇ ਸਿੱਧਾ ਫਰਮਾਨ ਕੀਤਾ ਹੈ—



ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥

ਅਤੇ

ਐਸਾ ਕੀਰਤਨੁ ਕਰਿ ਮਨ ਮੇਰੇ॥
ਈਹਾ ਊਹਾ ਜੋ ਕਾਮਿ ਤੇਰੇ॥

ਉਸ ਪ੍ਰਭੂ ਦੀ ਕੀਰਤੀ ਕਰਨ ਵਾਲਾ ਵਡਭਾਗਾ ਜੀਵ ਉਸ ਦੀ ਵਡਿਆਈ ਦਾ ਪਾਤਰ ਤਾਂ ਹੀ ਬਣ ਸਕਦੈ ਜੇਕਰ ਉਹ ਵਾਕਈ ਨਿਰਮਲਤਾ, ਨਿਰਛਲਤਾ, ਨਿਸ਼ਕਾਮਤਾ ਅਤੇ ਨੇਕ ਨੀਅਤੀ ਨਾਲ ਅਜਿਹਾ ਸਰਵੋਚ ਕਰਮ ਕਰਦਾ ਹੈ। ਫਿਰ ਇਹ ਸੱਚਮੁੱਚ ਅਮੁੱਲੇ ਹੀਰੇ ਤੋਂ ਵੱਧ ਫਲਦਾਇਕ ਹੋ ਨਿਬੜਦੈ, ਪ੍ਰੰਤੂ ਅਜੋਕੇ ਸਮੇਂ ਵਿਚ ਬਹੁਤ ਸਾਰੇ ਕੀਰਤਨੀਏ ਵੀਰਾਂ/ਭੈਣਾਂ ਵਿਚ ਕੀਰਤਨ ਦੀ ਓਟ ਵਿਚ ਜੋ ਗੰਧਲਾਪਣ ਵਿਕਾਰ, ਪ੍ਰਦੂਸ਼ਣ ਅਤੇ ਭ੍ਰਿਸ਼ਟਾਚਾਰ ਪ੍ਰਵੇਸ਼ ਕਰ ਰਿਹਾ ਹੈ ਉਸਨੇ ਨਾ ਕੇਵਲ ਸਾਰੇ ਸਿੱਖ ਪੰਥ ਦੀ ਜੱਗ-ਹਸਾਈ ਕਰਵਾਈ ਹੈ ਸਗੋਂ ਸਾਡੇ ਮਿਸ਼ਨਰੀ ਭਾਵਨਾ ਨਾਲ ਪ੍ਰਚਾਰੇ ਅਤੇ ਪ੍ਰਸਾਰੇ ਜਾਣ ਵਾਲੇ ਮਹਾਨ ਬ੍ਰਹਿਮੰਡੀ "ਨਿਰਮਲ ਪੰਥ" ਅੱਗੇ ਵੀ ਸਵਾਲੀਆ ਚਿੰਨ੍ਹ ਲਟਕਾ ਦਿੱਤੇ ਹਨ। ਆਪਣੇ ਕਈ ਵਿਦੇਸ਼ੀ ਦੌਰਿਆਂ ਦੌਰਾਨ ਇਹ ਅਕਸਰ ਹੀ ਵੇਖਣ-ਸੁਣਨ ਵਿਚ ਆਇਆ ਕਿ ਸਵੇਰੇ ਤ੍ਰਿਕਾਲੀ ਗੁਰਬਾਣੀ-ਗਾਇਨ ਕਰਨ ਵਾਲੇ ਅਨੇਕ ਕੀਰਤਨੀਏ ਵਿਹਲੇ ਛਿਣਾਂ ਦੌਰਾਨ ਮਨਮਤੀ ਕਾਰਿਆਂ, ਨਿਖੇਧ ਕੰਮਾਂ ਅਤੇ ਦੁਰਾਚਾਰੀ ਗੱਲਾਂ ਵਿਚ ਵੀ ਗਲਤਾਨ ਰਹਿੰਦੇ ਹਨ। ਗੁਰੂ-ਜੱਸ ਦੀ ਬਜਾਇ ਉਨ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਕੇਂਦਰ-ਬਿੰਦੂ ਕੇਵਲ ਮਾਇਆ-ਜੱਸ ਜਾਂ ਮਾਇਆਦਾਨੀਆਂ ਦਾ ਜੱਸ ਹੀ ਬਣਿਆ ਰਹਿੰਦੈ। ਗੁਰਬਾਣੀ ਨਾਲ ਜੁੜਣ ਤੇ ਜੋੜਣ ਦੀ ਬਜਾਇ ਉਹ ਸੰਗਤ ਦੇ ਮਨੋਂ ਉੱਤਰ ਜਾਂਦੇ ਹਨ। ਜਿਸ ਕਰਕੇ ਗੁਰਸੰਗਤਾਂ ਵਿਚ ਇਹ ਗੱਲ ਹੋਰ ਪੱਕ ਵੀ ਹੋ ਜਾਂਦੀ ਹੈ ਕਿ ਇਹ ਡਾਲਰਾਂ/ਪੌਂਡਾਂ ਦੀਆਂ ਦੱਥੀਆਂ ਬੰਨ੍ਹਣ ਹੀ ਵਿਦੇਸ਼ੀ ਨਿਕਲਦੇ ਹਨ। ਇੰਗਲੈਂਡ ਦੇ ਇਕ ਰਸਾਲੇ (ਜਿਸਦਾ ਨਾਂ ਹੈ 'ਪ੍ਰਦੇਸਣ') ਵਿਚ ਪਿੱਛੇ ਜਿਹੇ ਇਕ ਕਾਰਟੂਨ ਰਾਹੀਂ ਜ਼ਾਹਰਾ ਤੌਰ 'ਤੇ ਅਜਿਹਾ ਦ੍ਰਿਸ਼ ਚਿੱਤਰ ਕੇ ਜੋ ਭੰਡੀ ਅਖੌਤੀ ਕੀਰਤਨੀ ਜਥਿਆਂ ਦੀ ਕੀਤੀ ਗਈ ਸੀ, ਉਹ ਸਾਡੀਆਂ ਜ਼ਿੰਮੇਵਾਰ ਧਰਮ-ਸੰਸਥਾਵਾਂ ਦੇ ਗੌਰ ਕਰਨ ਵਾਲੀ ਗੱਲ ਹੈ। ਇਸ ਪਰਚੇ ਦੇ ਇਕ ਕਾਰਟੂਨ ਵਿਚ ਹਰਮੋਨੀਅਮ ਵਿਚੋਂ ਉਡਦੇ ਪੌਂਡ/ਡਾਲਰ ਵਿਖਾ ਕੇ ਜੋ ਵਿਅੰਗ ਰਾਗੀਆਂ 'ਤੇ ਕੱਸਿਆ ਗਿਆ ਸੀ ਉਹ ਅਜੋਕੇ ਸਮੇਂ ਦਾ ਸੱਚ ਹੋ ਨਿਬੜਿਐ। ਰਾਗੀਆਂ/ਢਾਡੀਆਂ ਨੂੰ ਦੋਸ਼ ਦੇਣ ਤੋਂ ਪਹਿਲਾਂ ਮੈਂ ਗੁਰ-ਸੰਗਤਾਂ ਅੱਗੇ ਵੀ ਫਰਿਆਦੀ ਹਾਂ ਕਿ ਉਹ ਵਾਜਿਆਂ ਨੂੰ ਸੁਰ ਕਰਦਿਆਂ ਹੀ ਪੌਂਡਾਂ/ਡਾਲਰਾਂ ਦਾ ਵਿਖਾਵਾ ਕਰਨ ਲਗਦੇ ਹਨ। ਜਿਸ ਨਾਲ ਕੀਰਤਨੀਏ ਸਿੰਘਾਂ ਦੀ ਨਾ ਕੇਵਲ ਬਿਰਤੀ ਹੀ ਉਖੜਦੀ ਹੈ ਸਗੋਂ ਹੋਰ ਤਮ੍ਹਾ ਵੀ ਜਾਗ ਉਠਦੀ ਹੈ। ਪਿਛਲੇ ਵਰ੍ਹੇ ਦਸਮੇਸ਼ ਪਿਤਾ ਦੇ ਪਾਵਨ ਪ੍ਰਕਾਸ਼ ਦਿਹਾੜੇ 'ਤੇ ਮਿੱਠਾ ਟਿਵਾਣਾ ਗੁਰੂ ਘਰ (ਹੁਸ਼ਿਆਰਪੁਰ ਲਾਗੇ) ਦੇ ਜਿਸ ਕੀਰਤਨੀ ਜਥੇ ਨਾਲ ਮੇਰੀ ਜੱਬਲਪੁਰ ਟੱਕਰ ਹੋਈ ਉਹ ਹਰ ਵਾਰ ਹੀ ਮੇਰੇ ਕਥਾ-ਲੈਕਚਰ ਦੇ ਵੀਹ ਮਿੰਟ ਖੋਹ ਲਿਆ ਕਰੇ। ਕਾਰਨ ਮਾਇਆ ਦੀ ਚੜ੍ਹਤ ਹੀ ਬਣਦੀ। ਸੋ ਜਦੋਂ ਉਨ੍ਹਾਂ ਮੇਰੇ ਸ਼ੀਹਣੀ ਰੂਪ ਦੇ ਦਰਸ਼ਨ ਕੀਤੇ ਤਾਂ ਲੱਗੇ ਦੁੰਮ ਦਬਾ ਕੇ ਭੱਜਣ, ਇਥੇ ਵੀ ਮਾਇਆ ਦੇ ਗੱਫੇ ਹੋਰ ਤੋਂ ਹੋਰ ਸ਼ਬਦਾਂ ਦੇ ਗਾਇਨ ਦਾ ਸਬੱਬ ਬਣਦੇ ਰਹੇ।

ਮੈਕਾਲਿਫ਼ ਜਿਸ ਨੇ ਸਾਰੀ ਉਮਰਾ ਸਿੱਖ ਧਰਮ ਦੀ ਖੋਜ ਕਰਦਿਆਂ ਲੰਘਾ ਦਿੱਤੀ ਸੀ, ਅੰਤ ਵੇਲੇ ਨਾ ਸਿੱਖਾਂ ਵਲੋਂ ਦਾਹ-ਸੰਸਕਾਰ ਦਾ ਹੱਕਦਾਰ ਮੰਨਿਆ ਗਿਆ ਤੇ ਨਾ ਹੀ ਈਸਾਈਆਂ ਨੇ ਉਸਨੂੰ ਦਫ਼ਨਾਇਆ, ਕਿਉਂਕਿ ਉਨ੍ਹਾਂ ਦੇ ਅਕੀਦੇ ਮੁਤਾਬਿਕ ਉਹ ਈਸਾਈਅਤ ਤੋਂ ਭਟਕ ਗਿਆ ਸੀ। ਪਿੱਛੇ ਜਿਹੇ 'ਕੌਮਾਂਤਰੀ ਖਾਲਸਾ ਐਵਾਰਡ ਕੌਂਸਲ' ਨੇ ਕੌਮ ਦੇ ਮਾਣ, ਸ਼ਾਨ, ਤ੍ਰਾਣ ਅਤੇ ਆਨ ਤੇਰਾਂ ਹੀਰਿਆਂ ਨੂੰ ਕਿਸੇ ਮਜ਼੍ਹਬੀ, ਸੰਪਰਦਾਇਕ, ਦੇਸ-ਕਾਲ, ਵਰਣ-ਵੰਡ, ਉਚ-ਨੀਚ ਅਤੇ ਵੱਡੇ ਛੋਟੇ ਦੇ ਵਿਤਕਰਿਆਂ ਤੋਂ ਉਤਾਂਹ ਰੱਖ ਕੇ ਅਤੇ ਉਨ੍ਹਾਂ ਦੇ ਨਾਵਾਂ ਨੂੰ ਅਮਰਤਾ ਪ੍ਰਦਾਨਦਿਆਂ ਤੇਰਾਂ ਉੱਚ ਸ਼ਖਸੀਅਤਾਂ ਨੂੰ ਜਿਸ ਤਰ੍ਹਾਂ ਨਿਵਾਜਿਆ ਤੇ ਵਡਿਆਇਆ ਉਹ ਇਕ ਲਾਮਿਸਾਲ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਪਹਿਲੀ ਵੇਰਾਂ ਸ਼ਾਇਦ ਜਾਂਬਾਜ ਮੈਕਾਲਿਫ਼ ਦੀ ਅਦੁੱਤੀ ਦੇਣ ਦਾ ਜ਼ਿਕਰ ਕਿਸੇ ਸਿੱਖ ਜਥੇਬੰਦੀ ਵਲੋਂ ਕੀਤਾ ਗਿਆ ਹੋਵੇ ਤੇ ਇਵੇਂ ਹੀ ਦਲਿਤ ਵਰਗਾਂ ਦੇ ਮਸੀਹਾ ਕਹੇ ਜਾਂਦੇ ਪ੍ਰੰਤੂ ਉਂਝ ਮੇਰੇ ਆਪਣੇ ਵਿਸ਼ਵਾਸ ਮੁਤਾਬਿਕ ਪੂਰੇ ਹਿੰਦੁਸਤਾਨ ਦੀ ਸਭ ਤੋਂ ਵੱਧ ਸਨਮਾਨਿਤ, ਸੰਜੀਦਾ ਅਤੇ ਸੰਤੁਲਿਤ ਹਸਤੀ ਡਾ. ਬੀ. ਆਰ. ਅੰਬੇਡਕਰ ਦੇ ਨਾਂ 'ਤੇ ਉੱਚ ਪੱਧਰਾ ਐਵਾਰਡ ਦੇ ਕੇ ਸਿੱਖਾਂ ਨੇ ਆਪਣੇ ਸਿਰੋਂ ਕੁਝ ਤਾਂ ਰਿਣ ਉਤਾਰਿਆ ਹੈ। ਇਸੇ ਤਰ੍ਹਾਂ ਬਹੁਤ ਹੀ ਛੋਟੀ ਉਮਰ ਦੇ ਨਾਮਧਾਰੀ ਸ਼ਹੀਦ ਕਾਕਾ ਬਿਸ਼ਨ ਸਿੰਘ ਦੀ ਲਾਸਾਨੀ ਕੁਰਬਾਨੀ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਦੇ ਨਾਮ 'ਤੇ ਇਕ ਸਿਦਕੀ ਨਾਮਧਾਰੀ ਨੂੰ ਵੀ ਸਨਮਾਨਿਆ ਗਿਆ। ਗੱਲ ਕਿਸੇ ਹੋਰ ਪਾਸੇ ਤੁਰ ਪਈ ਹੈ ਪ੍ਰੰਤੂ ਇਹ ਨੰਗੇ, ਚਿੱਟੇ ਤੇ ਕੌੜੇ ਸੱਚ ਦੀ ਸ਼ਾਹਦੀ ਭਰਦੀਆਂ ਗੱਲਾਂ ਹਨ। ਸਿੱਖ ਕੌਮ ਕੋਲ ਹੋਰ ਸਭ ਕੁਝ ਮੌਜੂਦ ਹੈ ਜੇ ਅਜੇ ਤੱਕ ਕਮੀ ਹੈ ਤਾਂ ਉਹ ਹੈ ਬੌਧਿਕਤਾ, ਆਤਮਿਕਤਾ, ਰਸਿਕਤਾ ਅਤੇ ਸੂਖਮਤਾ ਦੀ। ਗੁਰੂ ਨਾਨਕ ਨਾਮ ਲੇਵਾ ਸੰਗਤ ਅਗਿਆਨਤਾ, ਕਰਮ ਕਾਂਡਾ, ਅਵਿਦਿਆ ਅਤੇ ਵਿਗਿਆਨਕ ਸੋਚ ਤੋਂ ਸੱਖਣੀ ਹੋਣ ਕਰਕੇ ਹਾਲੇ ਤੱਕ ਭਰਮਾ ਭੁਲੇਖਿਆਂ ਦੀ ਸ਼ਿਕਾਰ ਹੈ। ਵੱਡੇ ਤੋਂ ਵੱਡਾ ਵਿਚਾਰਕ ਚਿੰਤਕ, ਗੁਰਬਾਣੀ-ਰਸੀਆਂ ਅਤੇ ਗੁਰਮਤਿ-ਲਿਖਾਰੀ ਇਨ੍ਹਾਂ ਨੂੰ ਹਾਲੇ ਤੱਕ ਪ੍ਰਵਾਨ ਨਹੀਂ ਹੋ ਸਕਿਆ।

ਸਤਿਗੁਰੂ ਨਾਨਕ ਦੇਵ ਜੀ ਨੇ ਤੀਰਥ-ਰਟਨ, ਤੀਰਥ-ਇਸ਼ਨਾਨ, ਤੇ ਹਰ ਪ੍ਰਕਾਰੀ ਭੇਖਾਂ-ਵਿਖਾਵਿਆਂ ਦੀ ਵਿਅਰਥਤਾ ਦੱਸਦਿਆਂ ਜਿਸ ਵੱਥ ਨੂੰ ਸਭ ਤੋਂ ਵਧੇਰੇ ਮੁੱਲਵਾਨ, ਜ਼ਰੂਰੀ ਤੇ ਸੱਚੀ ਫਰਮਾਇਆ, ਉਹ ਸੀ ਸ਼ਬਦ ਦੀ ਡੂੰਘੀ ਵਿਚਾਰ—

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰਸਿੱਖ ਹੋ ਕੇ ਵੀ ਅਸੀਂ ਕਥਿਤ ਤੀਰਥਾਂ ਮਗਰ ਭੱਜੇ ਫਿਰਦੇ ਹਾਂ, ਹਜ਼ਾਰਾਂ ਰੁਪਏ ਦਾਨ ਕਰਦੇ ਤੇ ਵਿਖਾਵੇ ਕਰਦੇ ਹਾਂ। ਜਿਹੜੇ ਰਾਹਾਂ ਤੋਂ ਸਾਨੂੰ ਸਾਡੇ ਮਹਾਂਪੁਰਖਾਂ ਨੇ ਹੋੜਿਆ ਵਰਜਿਆ ਸੀ, ਉਹ ਸਭੋ ਕੁਝ ਕਰਨ ਲਈ ਤਾਂ ਅਸੀਂ ਤਰਲੋਮੱਛੀ ਹੋ ਰਹੇ ਹਾਂ। ਚੌਥੇ ਪਾਤਿਸ਼ਾਹ ਸਮਝਾਉਂਦੇ ਹਨ—

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥

'ਵਿਚਾਰ' ਗੁਰਸਿੱਖਾਂ ਦੇ ਜੀਵਨ-ਅਮਲਾਂ ਦਾ ਹਿੱਸਾ ਨਹੀਂ ਬਣ ਸਕੀ, ਕਿੰਨੇ ਦੁੱਖ ਦੀ ਗੱਲ ਹੈ। ਇਸ ਦੀ ਬਜਾਇ ਵਿਕਾਰ ਹੀ ਵਿਕਾਰ ਸਾਡੇ ਜੀਵਨ ਵਿਚ ਭਰ ਗਏ ਹਨ। ਅੰਦਰੋਂ ਅਸੀਂ ਕੁਝ ਹਾਂ ਤੇ ਬਾਹਰੋਂ ਕੁਝ। ਗੱਲੀਂ ਅਸੀਂ ਚੰਗੀਆਂ ਭਲੀਆਂ ਹਾਂ ਪ੍ਰੰਤੂ ਸਾਡੇ ਆਚਾਰ ਬੇਹੱਦ ਭੈੜੇ ਤੇ ਕੋਹਜੇ ਹੁੰਦੇ ਜਾ ਰਹੇ ਹਾਂ। ਮਨ ਸਾਡੇ ਹੋਰ ਹਨ ਤੇ ਮੁੱਖ ਹੋਰ। ਫਿਰ ਅਸੀਂ ਕਿਵੇਂ ਇਸ ਇਲਾਹੀ ਕੀਰਤਨ ਨਾਲ ਜੁੜ ਸਕਦੇ ਹਾਂ ? ਕਿਵੇਂ ਇਸਦਾ ਲਾਭ ਲੈ ਸਕਦੇ ਹਾਂ ? ਵਿਦੇਸ਼ੀ ਸਿੱਖਾਂ ਦੀ ਆਲ-ਔਲਾਦ ਤਾਂ ਇਕ ਪਾਸੇ ਰਹੀ ਦੇਸੀ ਬੱਚਿਆਂ ਦੇ ਵੀ ਖਾਨੇ ਨਹੀਂ ਪੈਂਦੀ ਕਿ ਫਲਾਂ ਸ਼ਬਦ ਵਿਚ ਗੁਰੂ ਮਹਾਰਾਜ ਜੀ


Sri Satguru Jagjit Singh Ji eLibrary NamdhariElibrary@gmail.com

ਕੀ ਸਿੱਖਿਆ ਦ੍ਰਿੜਾ ਰਹੇ ਹਨ ਜਾਂ ਗੁਰਬਾਣੀ ਦਾ ਮੂਲ ਮਨੋਰਥ ਕੀ ਹੈ ?

ਅੰਮ੍ਰਿਤ ਵੇਲਾ ਹੁੰਦਿਆਂ ਹੀ ਹਰ ਘਰ ਵਿਚ ਦਰਜਨਾਂ ਗੁਰੂ-ਘਰਾਂ ਦੇ ਲਾਊਡ-ਸਪੀਕਰਾਂ ਦਾ ਸ਼ੋਰ ਜੀਵਨ-ਤੋਰ ਵਿਚ ਵਿਘਨ ਪਾਉਣਾ ਆਰੰਭ ਦਿੰਦਾ ਹੈ। ਬਹੁਤੇ ਗੁਰਦਵਾਰਿਆਂ ਵਿਚ ਤਾਂ ਟੇਪਾਂ ਵੱਜਦੀਆਂ ਹਨ। ਗ੍ਰੰਥੀ ਸਿੰਘ ਜਪੁਜੀ ਜਾਂ ਆਸਾ ਦੀ ਵਾਰ ਦੀ ਟੇਪ ਦਬਾ ਕੇ ਆਪ ਆਪਣੇ ਕੰਮਾਂ-ਧੰਦਿਆਂ ਵਿਚ ਰੁਝ ਜਾਂਦੇ ਹਨ ਜਾਂ ਸ਼ਾਇਦ ਕਈ ਵਾਰ ਸੌਂ ਵੀ ਜਾਂਦੇ ਹਨ। ਪਾਠ ਤ੍ਰੇ ਕੀਰਤਨ ਦੀਆਂ ਕੈਸਿਟਾਂ ਦਾ ਰਿਵਾਜ ਤਾਂ ਹੁਣ ਵੱਡੇ ਵੱਡੇ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਵਧਦਾ ਜਾ ਰਿਹਾ ਹੈ। ਜਿਥੇ ਇੱਟ ਚੁੱਕਿਆਂ ਅੱਜ ਕਥਿਤ ਸੰਤ-ਮੰਡਲੀਆਂ ਦੀ ਭੀੜ ਦ੍ਰਿਸ਼ਟੀਗੋਚਰ ਹੁੰਦੀ ਹੈ, ਉਥੇ ਚਾਰ ਚੁਫੇਰੇ ਕੀਰਤਨ ਦੀਆਂ ਟੇਪਾਂ ਦੀ ਵੀ ਭਰਮਾਰ ਦਿਸਦੀ ਹੈ। ਜਣਾ-ਖਣਾ ਹੁਣ ਰਾਗੀ ਹੋਣ ਦੇ ਚੱਕਰ ਵਿਚ ਹੈ, ਕਿਉਂ ? 'ਪ੍ਰਦੇਸਣ' ਵਿਚਲੇ ਇਸ਼ਤਿਹਾਰ ਅਨੁਸਾਰ ਅਜਿਹਾ ਕੀਤਿਆਂ ਸਭ ਧੋਣੇ ਧੁਲ ਸਕਦੇ ਹਨ। ਪਹਿਲੇ ਵੇਲਿਆਂ ਵਿਚ ਰਾਗੀ ਕੀ ਤੇ ਰਬਾਬੀ ਕੀ ਅਜਿਹੇ ਵਰੋਸਾਏ ਹੋਏ ਅਤੇ ਰੱਬੀ ਰੰਗ ਵਿਚ ਜੁੜੇ ਹੋਏ ਖੁਦਾਈ ਬੰਦੇ ਹੁੰਦੇ ਸਨ ਕਿ ਕੀਰਤਨ ਨੂੰ ਸੱਚਮੁੱਚ ਨਿਰਮੋਲਕ ਹੀਰਾ ਬਣਾ ਕੇ ਪੇਸ਼ ਕਰਦੇ ਸਨ, ਪ੍ਰੰਤੂ ਅਜੋਕੇ ਸਮਿਆਂ ਤੇ ਕਿਰ ਰਹੇ ਮੁੱਲਾਂ ਨੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੱਤਾ, ਭੋਗਾਂ ਦਾ ਗੁਲਾਮ ਕਰ ਦਿੱਤਾ ਹੈ। ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਸੱਚੇ ਨਾਮ ਦੀ ਵਡਿਆਈ ਵਿਚਾਰਨ ਦੀ ਤਾਕੀਦ ਕੀਤੀ ਸੀ। ਕਿਉਂਕਿ ਗੁਰੂ ਦੇ ਸਿੱਖ ਲਈ ਇਹੋ ਹਿਦਾਇਤ ਹੈ ਕਿ ਉਹ ਇਕਾਗਰ ਚਿੱਤ ਹੋ ਕੇ ਸਿਮਰਨ-ਸਾਧਨਾ ਨਾਲ ਜੁੜੇ। ਤਾਂ ਹੀ ਸਾਹਿਬ ਲਾਹਨਤਾਂ ਪਾਉਂਦਿਆਂ ਤੇ ਫਿਟਕਾਰਦਿਆਂ ਫ਼ਰਮਾਉਂਦੇ ਹਨ—

ਮੂਰਖ ਮੁਗਧ ਅਗਿਆਨ ਅਵੀਚਾਰੀ॥
ਨਾਮ ਤੇਰੇ ਕੀ ਆਸ ਮਨਿ ਧਾਰੀ॥

ਰਹਿਬਰਾਂ ਅਨੁਸਾਰ 'ਤੱਤ ਵਿਚਾਰ' ਦੀ ਵਿਸ਼ੇਸ਼ ਮਹਿਮਾ ਹੈ। ਇਹੋ ਅਮੋਲਕ ਰਤਨ ਹੈ ਜਿਸ ਬਾਰੇ ਕਬੀਰ ਸਾਹਿਬ ਦਾ ਫ਼ਰਮਾਨ ਹੈ—

ਕਬੀਰ ਏਕ ਘੜੀ ਆਧੀ ਘਰੀ
ਆਧੀ ਹੂ ਤੇ ਆਧ।।
ਭਗਤਨ, ਸੇਤੀ ਗੋਸਟੇ ਜੋ ਕੀਨੇ ਸੋ ਲਾਭ॥

ਅੰਤਿਮ 'ਮੁੰਦਾਵਣੀ' ਵਿਚ ਗੁਰੂ ਸਾਹਿਬ ਨੇ ਸਾਰੇ ਝਗੜੇ ਹੀ ਨਿਬੇੜ ਦਿੱਤੇ ਜਦੋਂ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਕੇਵਲ ਤਿੰਨ ਹੀ ਵਸਤੂਆਂ ਦੀ ਨਿਸ਼ਾਨਦੇਹੀ ਕਰ ਦਿੱਤੀ। 'ਸਤੁ' ਅਰਥਾਤ ਪ੍ਰਭੂ, 'ਸੰਤੋਖ' ਜਾਣੀ ਮੁਕੰਮਲ ਸਬਰ ਤੇ ਸ਼ੁਕਰ ਅਤੇ 'ਵੀਚਾਰ' ਨੂੰ ਗੁਰਸਿੱਖਾਂ ਦੇ ਜੀਵਨ ਨਾਲ ਇਕਮਿਕ ਕਰਨ ਲੱਗਿਆਂ ਵਿਚਾਰ ਨੂੰ ਬੇਹਦ ਮਹੱਤਾ ਦਿੱਤੀ। ਇੱਥੇ ਇਸ ਤੋਂ ਭਾਵ ਉਨ੍ਹਾਂ ਬਿਲਕੁਲ ਵੀ ਪੁਸਤਕੀ, ਅੱਖਰੀ, ਸ਼ਾਸਤਰੀ, ਦੁਨਿਆਵੀ, ਪੰਡਤਾਊ ਜਾਂ ਚੁੰਚ ਗਿਆਨ ਨਹੀਂ ਲਿਆ, ਸਗੋਂ ਇਹ ਵਿਚਾਰ ਦੈਵੀ, ਬ੍ਰਹਮੀ, ਰੂਹਾਨੀ, ਅਨੁਭਵੀ ਤੇ ਅਧਿਆਤਮਿਕ ਹੀ ਸਵੀਕਾਰਿਆ। ਉੱਚੀ ਉੱਚੀ ਕੂਕ ਕੇ, ਰੌਲਾਰੱਪਾ ਪਾਕੇ ਅਤੇ ਪੈਸਿਆਂ ਦੀ ਝਾਕ ਵਿਚ ਸੰਘ ਪਾੜ ਪਾੜ ਕੇ ਕੀਰਤਨ-ਜੱਸ ਕਰਦਿਆਂ ਅਸੀਂ ਨਾ ਤਾਂ ਗੁਰੂ ਦੀ ਖ਼ੁਸ਼ੀ ਪਾ ਸਕਦੇ ਹਾਂ ਤੇ ਨਾ ਹੀ ਆਵਾਗਵਣ (ਮੁੜ ਮੁੜ ਜੰਮਣਾ ਤੇ ਮਰਨਾ) ਤੋਂ ਛੁਟਕਾਰਾ। ਗੁਰੂ ਸਾਹਿਬ ਸਮਝਾਉਂਦੇ ਹਨ—

ਪੰਡਿਤੁ ਪੜਿ ਪੜਿ ਉੱਚਾ ਕੂਕਦਾ
ਮਾਇਆ ਮੋਹਿ ਪਿਆਰੁ।।
ਅੰਤਰਿ ਬ੍ਰਹਮੁ ਨ ਚੀਨਈ
ਮਨਿ ਮੂਰਖੁ ਗਾਵਾਰੁ॥
ਦੂਜੈ ਭਾਇ ਜਗਤੁ ਪਰਬੋਧਦਾ
ਨਾ ਬੂਝੈ ਬੀਚਾਰੁ।।
ਬਿਰਥਾ ਜਨਮੁ ਗਵਾਇਆ
ਮਰਿ ਜੰਮੈ ਵਾਰੋ ਵਾਰ॥
॥ ਮ : ੩॥ ਜਿਨੀ ਸਤਿਗੁਰੁ ਸੇਵਿਆ
ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ॥

ਅੱਜ ਸ੍ਰੀ ਹਰਿਮੰਦਰ ਸਾਹਿਬ ਸਮੇਤ ਦੇਸ਼ ਵਿਦੇਸ਼, ਗਲੀ ਮੁਹੱਲੇ, ਇਕ ਇਕ ਪਿੰਡ ਦੇ ਕਈ ਕਈ ਗੁਰਦਵਾਰਿਆਂ ਵਿਚ ਨਿਰੰਤਰ ਕੀਰਤਨ ਹੋ ਰਹੇ ਹਨ। ਗੁਰੂ-ਜੱਸ ਦੀ ਕੋਈ ਘਾਟ ਨਹੀਂ। ਕੀਰਤਨੀਆਂ ਦਾ ਸਮੁੰਦਰ ਠਾਠਾਂ ਮਾਰ ਰਿਹੈ, ਵੀਜ਼ਾ ਲੈਣ ਵਾਲੀਆਂ ਲਾਈਨਾਂ ਵਿਚ ਜੱਥੇ ਤੇ ਜੱਥਾ ਭਾਰੂ ਹੋ ਰਿਹੈ। ਫਿਰ ਕੀ ਵਜ੍ਹਾ ਹੈ ਕਿ ਕਿਤੇ ਕਿਸੇ ਨੂੰ ਸੁੱਖ ਸ਼ਾਂਤੀ ਨਹੀਂ ਮਹਿਸੂਸ ਹੋ ਰਹੀ। ਸਾਡੀ ਰੂਹ ਖੇੜੇ ਤੇ ਵਜਦ ਵਿਚ ਨਹੀਂ ਆ ਰਹੀ। ਇਸ ਦਾ ਜ਼ਾਹਰਾ ਕਾਰਨ ਤਾਂ ਮੈਨੂੰ ਇਹੀ ਜਾਪ ਰਿਹੈ ਕਿ ਗੁਰੂ ਮਹਾਰਾਜ ਜੀ ਨੇ ਕਲਿਯੁਗੀ ਪਰਬਿਰਤੀਆਂ ਦੇ ਬੋਲ-ਬਾਲੇ ਸਮੇਂ ਪ੍ਰਭੂ-ਕੀਰਤੀ (ਕੀਰਤਨ) ਦੀ ਓਟ ਤੇ ਮਹਿਮਾ ਉਜਾਗਰ ਕਰਨੀ ਲੋਚੀ ਸੀ, ਪਰੰਤੂ ਅਸੀਂ ਬਾਣੀ-ਵਿਚਾਰ ਦੀ ਥਾਂ ਬਾਣੀ-ਗਾਉਣ ਨੂੰ ਹੀ ਆਪਣਾ ਅਸਲ ਟੀਚਾ ਮਿੱਥ ਲਿਆ ਤੇ ਫ਼ਿਲਮੀ ਤਰਜ਼ਾਂ 'ਤੇ ਕੀਰਤਨ ਕਰਦਿਆਂ ਕੇਵਲ ਪੈਸਾ ਬਟੋਰਨਾ/ਹੂੰਝਣਾ ਹੀ ਆਪਣਾ ਅਸਲ ਮਨੋਰਥ! ਇਸੇ ਲਈ ਹਾਰੀ-ਸਾਰੀ ਹਾਰਮੋਨੀਅਮ ਦੀਆਂ ਸੁਰਾਂ ਨਾਲ ਖੇਡਣਾ ਸਿੱਖ ਕੇ ਕੀਰਤਨੀਆਂ ਬਣਨ ਦੇ ਸੁਨਹਿਰੀ ਸੁਪਨੇ ਤੱਕ ਰਿਹੈ ਤਾਂ ਜੋ ਮੂੰਹ ਮੰਗੇ ਮਾਇਆ ਦੇ ਗੱਫੇ ਹਥਿਆ ਕੇ ਉਹ ਵੀ ਸ਼ੀਸ਼ ਮਹਿਲ ਬਣਵਾ ਸਕਣ, ਫੈਕਟਰੀਆਂ ਅਤੇ ਸਟੋਰ ਖ਼ਰੀਦ ਸਕਣ ਅਤੇ ਦੇਸ/ਵਿਦੇਸ਼ ਵਿਚ ਕਾਰੋਬਾਰ ਕਰਦਿਆਂ ਕਈ ਥਾਈਂ ਦੇਸ਼ਾਂ ਵਿਚ ਘਰ-ਮਕਾਨ ਬਣਵਾ ਸਕਣ। ਕਿਰਤ ਵਿਰਤ ਜਾਂ ਕਾਰੋਬਾਰ ਕਰਨਾ ਕੋਈ ਮਿਹਣਾ ਨਹੀਂ ਹੈ ਉਵੇਂ, ਪਰੰਤੂ ਸੱਚੀ ਕਿਰਤ ਦੀ ਬਜਾਇ ਨਜਾਇਜ਼ ਕੰਮਾਂ ਵਿਚ ਉਲਝ ਕੇ ਧੰਨ ਕਮਾਉਣਾ ਗੁਰਸਿੱਖਾਂ ਦੀ ਘਾਲ ਕਮਾਈ ਨਹੀਂ ਹੈ। ਤੇ



Sri Satguru Jagjit Singh Ji eLibrary NamdhariElibrary@gmail.com

ਗੁਰੂ ਦੇ ਰਾਹ ਤੋਂ ਲਾਂਭੇ ਹਟ ਕੇ ਕੀਤਾ ਕੋਈ ਵੀ ਧੰਦਾ ਨਾ ਕੇਵਲ ਸੰਬੰਧਿਤ ਵਿਅਕਤੀ ਦਾ ਅਕਸ ਵਿਗਾੜਦੈ ਸਗੋਂ ਸਮੁੱਚੇ ਸਿੱਖ ਪੰਥ ਲਈ ਵੀ ਬਦਨਾਮੀ ਦਾ ਸਬੱਬ ਬਣਦਾ ਹੈ।

ਇਸ ਮਰਹਲੇ 'ਤੇ ਮੈਨੂੰ ਸੁਪ੍ਰਸਿੱਧ ਪੱਛਮੀ ਵਿਚਾਰਵਾਨ ਬਰਟਰਡ ਰੱਸਲ ਦੀ ਚਿਤਾਵਨੀ ਚੇਤੇ ਆ ਰਹੀ ਹੈ ਕਿ ਜੇਕਰ ਤੀਜੀ ਸੰਸਾਰ ਜੰਗ ਦੌਰਾਨ ਚੱਲਣ ਵਾਲੇ ਐਟਮ ਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੋਈ ਖ਼ੁਸ਼-ਕਿਸਮਤ ਵਿਅਕਤੀ ਬਚ ਰਹੇ ਤਾਂ ਉਨ੍ਹਾਂ ਦੀ ਅਗਵਾਈ ਦੇਣ ਲਈ ਸਿੱਖ ਧਰਮ ਇਕੋ ਇਕ ਵਸੀਲਾ ਹੋਵੇਗਾ। ਕਿਸੇ ਭਲੇ ਪੁਰਸ਼ ਨੇ ਰੱਸਲ ਨੂੰ ਟੋਕਦਿਆਂ ਪੁੱਛਿਆ ਕਿ ਤੀਜੇ ਯੁੱਧ ਪਿਛੋਂ ਹੀ ਕਿਉਂ? ਪਹਿਲਾਂ ਕਿਉਂ ਨਹੀਂ ? ਤਾਂ ਉਸ ਦਾ ਇਹ ਚਿੰਤਾ ਭਰਿਆ ਉੱਤਰ ਸੀ ਕਿ "ਗੁਰੂ ਗ੍ਰੰਥ ਸਾਹਿਬ ਵਿਚ ਇਹ ਸਮੱਰਥਾ ਤਾਂ ਹੈ ਪਰੰਤੂ ਸਿੱਖਾਂ ਨੇ ਇਸ ਧਰਮ ਦੇ ਬਿਹਤਰੀਨ ਅਸੂਲਾਂ, ਜਿਹੜੇ ਸਮੁੱਚੀ ਮਨੁੱਖਤਾ ਵਾਸਤੇ ਹੋਂਦ ਵਿਚ ਆਏ ਸਨ ਨੂੰ ਹਾਲੇ ਤੱਕ ਹਵਾ ਨਹੀਂ ਲੁਆਈ। ਇਹ ਸਿੱਖਾਂ ਦੀ ਵੱਡੀ ਭੁੱਲ ਹੈ ਜਿਸਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।" ਮਸ਼ਹੂਰ ਸਮਾਜ ਵਿਗਿਆਨੀ ਫਾਇਨਬੀ (ਜਿਸਨੇ ਇਕ ਗੁਰਸਿੱਖ ਨੂੰ ਦੁਨੀਆ ਦਾ ਸਭ ਤੋਂ ਖ਼ੂਬਸੂਰਤ ਵਿਅਕਤੀ ਐਲਾਨਿਆ ਹੈ) ਵੀ "ਮਨੁੱਖਤਾ ਦਾ ਇਤਿਹਾਸ" (ਵੀਹ ਜਿਲਦਾਂ ਵਿਚ) ਵਿਚ ਇਹੀ ਕਬੂਲਦੈ ਕਿ "ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਜਿਹੀ ਵਿਸ਼ੇਸ਼ ਗੱਲ ਜ਼ਰੂਰ ਹੈ ਜੋ ਬਾਕੀ ਸੰਸਾਰ ਨੂੰ ਦੱਸਣ ਯੋਗ ਹੈ।" ਆਰਥਰ ਮੈਕਾਲਿਫ਼ ਨੇ ਤਾਂ ਸਮੁੱਚਾ ਜੀਵਨ ਹੀ ਇਸ ਲਾਸਾਨੀ ਧਰਮ ਬਾਰੇ ਵਿਚਾਰ ਕਰਦਿਆਂ ਬਤੀਤ ਕਰ ਦਿੱਤਾ ਸੀ। ਇਸ ਲਈ ਜੇ ਬਾਹਰਲੇ ਵਿਦਵਾਨ ਇਸ ਬੇਜੋੜ ਧਰਮ ਦੀ ਲਾਸਾਨੀਅਤ, ਮੌਲਿਕਤਾ ਅਤੇ ਵਿਲੱਖਣਤਾ ਦੇ ਕਾਇਲ ਹਨ ਤਾਂ ਅਸੀਂ ਘਰ ਵਾਲੇ ਹੀ ਕਿਉਂ ਇਸ ਨੂੰ ਲੁੱਟ ਦਾ ਮਾਲ ਸਮਝਦਿਆਂ ਬੇਕਦਰੇਪਨ ਦੇ ਭਾਗੀ ਬਣ ਰਹੇ ਹਾਂ ? ਇਸ ਦੀ ਗਹਿਰੀ ਵਿਚਾਰ ਕਿਉਂ ਨਹੀਂ ਕਰਦੇ ?

ਅੰਤ ਵਿਚ ਸਾਰੇ ਗੁਰੂ ਪਿਆਰਿਆਂ ਤੇ ਗੁਰੂ-ਕੀਰਤਨੀਏ ਵੀਰਾਂ/ਭੈਣਾਂ ਦੇ ਚਰਨਾਂ ਵਿਚ ਮੇਰੀ ਦੋਇ ਕਰ ਜੋੜ ਕੇ ਦਿਲੀ ਅਰਦਾਸ ਹੈ ਕਿ ਇਸ ਅਦੁੱਤੀ, ਰੱਬੀ, ਧੁਰ ਕੀ, ਅੰਮ੍ਰਿਤਮਈ ਤੇ ਦੈਵੀ ਬਾਣੀ ਵਿਚ ਨਿਰਧਾਰਿਤ ਮਹਾਨ ਸਿਧਾਂਤਾਂ, ਵਿਸ਼ਵਾਸਾਂ, ਨਿਯਮਾਂ ਅਤੇ ਵਿਚਾਰਾਂ ਨੂੰ ਕੇਵਲ ਗਾਇਨ ਤੱਕ ਹੀ ਸੀਮਤ ਨਾ ਕਰ ਦਿੱਤਾ ਜਾਵੇ ਸਗੋਂ ਇਸ ਦੀ ਦੀਰਘ ਵਿਚਾਰ ਉਸ ਤੋਂ ਵੀ ਵੱਧ ਜ਼ਰੂਰੀ ਹੈ। ਗੁਰਮੁਖ, ਸੁਧਰਮੀ, ਸੁਜਿਉਂਤਾ ਅਤੇ ਵਿਚਾਰਕ ਹੋਏ ਬਿਨਾਂ ਬਾਣੀ ਦਾ ਕੋਈ ਫਲ ਨਹੀਂ ਮਿਲ ਸਕਦਾ ਜਿਵੇਂ ਕਿ ਗੁਰ-ਫ਼ੁਰਮਾਨ ਹੈ--

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾਂਪੁਰਖ ਦੀ ਨਿਜ ਘਰਿ ਵਾਸਾ ਹੋਇ॥

❖

## ਨਾਮਧਾਰੀ ਸ਼ਹੀਦ ਕਾਕਾ ਬਿਸ਼ਨ ਸਿੰਘ ਦੇ ਨਾਂ 'ਤੇ ਕੌਮਾਂਤਰੀ ਐਵਾਰਡ

ਲੰਡਨ— ੧੩ ਅਪਰੈਲ ੨੦੦੧ ਦੀ ਇਤਿਹਾਸਕ ਵਿਸਾਖੀ 'ਤੇ, ਗੋਰਿਆਂ ਦੀ ਧਰਤੀ ਇੰਗਲੈਂਡ ਵਿਖੇ ਇਕ ਅਦੁੱਤੀ ਪ੍ਰੋਗਰਾਮ ਸਿੱਖ ਮਿਸ਼ਨਰੀ ਸੋਸਾਇਟੀ ਯੂ. ਕੇ. ਦੇ ਮਾਤਾ ਸਾਹਿਬ ਕੌਰ ਹਾਲ ਵਿਖੇ ਸੰਪੰਨ ਕੀਤਾ ਗਿਆ। ਇਸ ਵਿਚ ਛੋਟੀ ਉਮਰ ਦੇ ਜਾਂਬਾਜ਼ ਨਾਮਧਾਰੀ ਕਾਕਾ ਬਿਸ਼ਨ ਸਿੰਘ ਜਿਸ ਨੇ ਅੰਗਰੇਜ਼ ਸਰਕਾਰ ਤੇ ਅੰਗਰੇਜ਼ ਅਫ਼ਸਰਾਂ ਦੀਆਂ ਕਾਲੀਆਂ ਕਰਤੂਤਾਂ ਵਿਰੁੱਧ ਆਪਣੇ ਰੋਹ ਦਾ ਜ਼ਬਰਦਸਤ ਪ੍ਰਦਰਸ਼ਨ ਕਰਦਿਆਂ ਬਦਲੇ ਵਿਚ ਸ਼ਹਾਦਤ ਦਾ ਅਮਰ ਜਾਮ ਪੀਣਾ ਤਾਂ ਕਬੂਲ ਕੀਤਾ ਪਰੰਤੂ ਆਪਣੇ ਸ੍ਵੈ-ਮਾਣ, ਅਣਖ ਅਤੇ ਬਹਾਦਰੀ ਤੇ ਆਂਚ ਨਹੀਂ ਆਉਣ ਦਿੱਤੀ, ਦੇ ਨਾਂਅ ਤੇ ਕੌਮਾਂਤਰੀ ਐਵਾਰਡ ਦਿਤਾ ਗਿਆ।

ਇਸ ਪ੍ਰੋਗਰਾਮ ਦੇ ਸੰਚਾਲਕ ਸਨ ਅੰਤਰ ਰਾਸ਼ਟਰੀ ਖ਼ਾਲਸਾ ਐਵਾਰਡ ਕੌਂਸਲ ਅਤੇ ਕੈਨੇਡੀਅਨ ਸਿੱਖ ਸੰਗਠਨ— ਜਿਨ੍ਹਾਂ ਨੇ ਮਨੁੱਖੀ ਗੌਰਵ, ਸਿੱਖ ਸਿਧਾਂਤਾਂ, ਸਿੱਖ ਫ਼ਲਸਫ਼ੇ, ਸਿੱਖ ਸੰਕਲਪਾਂ ਅਤੇ ਇਨਸਾਨੀਅਤ ਦੀ ਚੜ੍ਹਦੀ ਕਲਾ ਲਈ ਸਮੁੱਚੇ ਜੀਵਨ ਅਰਪਿਤ ਕਰ ਦੇਣ ਵਾਲੇ ਡਾ. ਬੀ. ਆਰ. ਅੰਬੇਦਕਰ, ਮੈਕਾਲਿਫ਼, ਡਾ. ਇਕਬਾਲ, ਭਾਈ ਦਰਸ਼ਨ ਸਿੰਘ ਫੇਰੂਮਾਨ, ਭਾਈ ਸਮੁੰਦ ਸਿੰਘ ਜੀ ਕੀਰਤਨੀਏ, ਭਾਈ ਵੀਰ ਸਿੰਘ ਜੀ, ਸ੍ਰ. ਸੋਭਾ ਸਿੰਘ ਚਿੱਤਰਕਾਰ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਕਾਕਾ ਬਿਸ਼ਨ ਸਿੰਘ (ਨਾਮਧਾਰੀ ਸ਼ਹੀਦ), ਭਾਈ ਨੰਦ ਲਾਲ ਜੀ ਗੋਇਆ, ਭਾਈ ਕਾਨ੍ਹ ਸਿੰਘ ਜੀ ਨਾਭਾ, ਸਿਰਦਾਰ ਕਪੂਰ ਸਿੰਘ ਜੀ (ਆਈ. ਸੀ. ਐਸ.) ਅਤੇ ਸ੍ਰੀ ਨੰਦ ਲਾਲ ਨੂਰਪੁਰੀ ਆਦਿ ਮਹਾਨ ਸ਼ਖਸੀਅਤਾਂ ਦੇ ਨਾਂ ਤੇ ਐਵਾਰਡ ਸਥਾਪਿਤ ਕਰ ਕੇ ਤੇਰਾਂ ਹੀ ਮਹਾਨ ਹਸਤੀਆਂ ਦਾ ਸਨਮਾਨ ਕੀਤਾ ਜਿਹੜੀਆਂ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿਚ ਕਾਰਜਸ਼ੀਲ ਸਿਰੜ ਤੇ ਸਿਦਕ ਨਾਲ ਆਪਣੇ ਮਿਸ਼ਨ ਵਿਚ ਲੱਗੀਆਂ ਹੋਈਆਂ ਹਨ। ਕਾਕਾ ਬਿਸ਼ਨ ਸਿੰਘ ਸ਼ਹੀਦ ਯਾਦਗਾਰੀ ਐਵਾਰਡ ਨਾਮਧਾਰੀ ਸ੍ਰ. ਡੁੰਮਣ ਸਿੰਘ ਕੰਵਲ ਕਵੈਂਟਰੀ (ਯੂ. ਕੇ.) ਨੂੰ ਦਿੱਤਾ ਗਿਆ ਜਦੋਂ ਕਿ ਸ਼ਾਇਰੇ-ਮਸ਼ਰਿਕ ਡਾ. ਇਕਬਾਲ ਐਵਾਰਡ ਡਾ. ਕੁਲਵੰਤ ਕੌਰ (ਪਟਿਆਲਾ) ਨੂੰ ਪ੍ਰਦਾਨ ਕੀਤਾ ਗਿਆ। ਇਸ ਐਵਾਰਡ ਵਿਚ ਰਿਟਰਨ ਟਿਕਟ ਵੀ ਦਿੱਤੀ ਗਈ। ਇੰਞ ਇਹ ਇਕ ਯਾਦਗਾਰੀ ਸਨਮਾਨ-ਸਮਾਰੋਹ ਹੋ ਨਿੱਬੜਿਆ।

❖



Sri Satguru Jagjit Singh Ji eLibrary NamdhariElibrary@gmail.com

# ਜਥੇਦਾਰ ਸੇਵਾ ਸਿੰਘ ਦਿੱਲੀ ਦੀ ਸਿਲਵਰ ਜੁਬਲੀ

*—ਜਗਦੀਸ਼ ਸਿੰਘ*

ਜਲੰਧਰ ਦੇ ਸੰਤ ਬਹਾਦਰ ਸਿੰਘ ਨੇ ਇਕ ਵਾਰ ਕਿਹਾ ਸੀ ਕਿ "ਮਰੇ ਹੋਏ ਤੇ ਸਭ ਤੋਂ ਵਧੀਆ ਦੀਵਾਨ ਦਿੱਲੀਵਾਲਾ ਜਥੇਦਾਰ ਸੇਵਾ ਸਿੰਘ ਲਾਉਂਦਾ ਏ" ਤਾਂ ਮੈਨੂੰ ਹੈਰਾਨੀ ਹੋਈ। ਦਿੱਲੀ ਵਿਚਲੇ ਜਥੇਦਾਰਾਂ ਨੂੰ ਮੈਂ ਜਾਣਦਾ ਸਾਂ। ਇਹਨਾਂ 'ਚੋਂ ਸਭ ਤੋਂ ਪਹਿਲਾਂ ਮੈਂ ਜਥੇਦਾਰ ਦਰਸ਼ਨ ਸਿੰਘ ਦਾ ਦੀਵਾਨ ਸੁਣਿਆ ਸੀ। ਕੱਦ ਕਾਠ, ਸ਼ਕਲ-ਸੂਰਤ ਵਲੋਂ ਮਨਮੋਹਣੀ ਸ਼ਖਸੀਅਤ ਦੀ ਭਰਵੀਂ ਆਵਾਜ਼ ਅਤੇ ਗੱਲਬਾਤ ਦਾ ਸਲੀਕਾ ਅਤੇ ਸਪੱਸ਼ਟਤਾ ਸਭ ਕੁਝ ਪ੍ਰਭਾਵਤ ਕਰਦਾ ਸੀ। ਨਾਮਧਾਰੀਆਂ ਵਿੱਚ ਜਥੇਦਾਰ ਉਸ ਨੂੰ ਕਹਿੰਦੇ ਹਨ ਜੋ ਵਿਆਖਿਆਨ ਕਰ ਸਕਦਾ ਹੋਵੇ, ਇਤਿਹਾਸ ਸੁਣਾ ਸਕਦਾ ਹੋਵੇ ਤੇ ਨਾਲ ਹੀ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹ ਤੇ ਗਾ ਸਕਦਾ ਹੋਵੇ। ਜਿਸ ਵਿਚ ਇਹ ਤਿੰਨੇ ਗੁਣ ਹੋਣ ਅਤੇ ਜਿੰਨੀ ਮਿਕਦਾਰ ਵਿਚ ਹੋਣ ਉਨੀਂ ਹੀ ਪ੍ਰਵਾਨਗੀ ਸੰਗਤਾਂ ਵਲੋਂ ਮਿਲਦੀ ਹੈ। ਜਥੇਦਾਰ ਦਰਸ਼ਨ ਸਿੰਘ ਦੇ ਜਥੇ ਵਿਚ ਇਕ ਸੁਰੀਲੀ ਆਵਾਜ਼ ਵਾਲਾ ਵਿਅਕਤੀ ਸੀ ਜਿਸਨੂੰ ਗਿਆਨੀ ਜੀ ਆਖਦੇ ਸਨ। ਇਹ ਗਿਆਨੀ ਗੁਰਬਖਸ਼ ਸਿੰਘ ਜੀ ਬਾਦ ਵਿਚ ਆਜ਼ਾਦਾਨਾ ਤੌਰ ਤੇ ਮਸ਼ਹੂਰ ਜਥੇਦਾਰ ਸਥਾਪਤ ਹੋ ਗਏ। ਕਦੇ ਗਿਆਨੀ ਦੇ ਦੀਵਾਨ ਦੀਆਂ ਬਹੁਤ ਧੁੰਮਾਂ ਸਨ। ਗਿਆਨੀ ਹੋਰਾਂ ਕੋਲ ਰਾਗਦਾਰੀ ਵਰਗੀ ਸਿਫਤ ਵੀ ਸੀ ਤੇ ਹੱਲੇ ਦੇ ਦੀਵਾਨ ਵਿਚ ਉਹ ਵੀ ਵਾਹਵਾ ਠੱਠ ਬੰਨਦੇ ਸਨ, ਪਰ ਜਥੇਦਾਰ ਸੇਵਾ ਸਿੰਘ ਦਾ ਨਾਂਅ ਮੈਂ ਨਹੀਂ ਸੀ ਸੁਣਿਆ। ਇਹ ਕਿਵੇਂ ਹੋ ਸਕਦਾ ਸੀ ਕਿ ਕੋਈ ਮਸ਼ਹੂਰ ਜਥੇਦਾਰ ਹੋਵੇ ਤੇ ਮੈਂ ਸੁਣਿਆ ਨਾ ਹੋਵੇ। ਪਰ ਗੱਲ ਸੱਚ ਸੀ ਕਿ ਜਥੇਦਾਰ ਸੇਵਾ ਸਿੰਘ ਦਿੱਲੀ ਦੇ ਪ੍ਰਮੁੱਖ ਕੀਰਤਨੀ ਜਥੇਦਾਰ ਵਜੋਂ ਮਸ਼ਹੂਰ ਹੋ ਰਹੇ ਸਨ। ਜਦੋਂ ਮੈਨੂੰ ਜਥੇਦਾਰ ਸੇਵਾ ਸਿੰਘ ਨੂੰ ਸੁਨਣ ਦਾ ਅਵਸਰ ਮਿਲਿਆ ਤਾਂ ਸੰਤ ਬਹਾਦਰ ਸਿੰਘ ਦੇ ਕਥਨ ਦੀ ਸੱਚਮੁੱਚ ਪੁਸ਼ਟੀ ਹੋ ਗਈ। ਤੇ ਅਵਸਰ ਵੀ ਸੱਚ ਮੁੱਚ ਹੀ ਕਿਸੇ ਵਿਛੜੀ ਜੀਵ ਆਤਮਾ ਦੇ ਭੋਗ ਦਾ ਹੀ ਸੀ। ਜਥੇਦਾਰ ਸੇਵਾ ਸਿੰਘ ਦੀ ਵੱਖਰਤਾ ਉਹਨੀਂ ਦੇ ਕਥਨ ਵਿਚ ਸੀ। ਨਾਮਧਾਰੀ ਜਥੇਦਾਰਾਂ ਦੀ ਆਮ ਸ਼ੈਲੀ ਨਾਲੋਂ ਨਵੇਕਲੇ ਅੰਦਾਜ਼ ਵਿਚ ਉਹ ਗੱਲ ਕਰ ਰਹੇ ਸਨ। ਬੇਸ਼ੱਕ ਹਾਰਮੋਨੀਅਮ ਵਾਜਾ ਉਹਨਾਂ ਕੋਲ ਸੀ। ਪਰ ਉਹ ਨਿਸ਼ਚਿਤ ਰੇਂਜ ਵਿਚ ਸੁਰਾਂ ਨਾਲ ਖੇਡਕੇ ਅਤੇ ਜ਼ਰਾ ਵੀ ਲੋੜ ਤੋਂ ਵੱਧ ਵਾਜਾ ਨਾ ਵਜਾਉਂਦੇ। ਉਹਨਾਂ ਦਾ ਜਾਦੂ ਵਿਖਿਆਨ ਵਿਚ ਸੀ। ਆਵਾਜ਼ ਭਰਵੀਂ ਮਰਦਾਵੀਂ, ਸਪੱਸ਼ਟ ਸ਼ਬਦ ਅਤੇ ਬਗੈਰ ਰੁਕਾਵਟ ਦੇ ਇਕੋ ਜਿਹੀ ਪਿੱਚ ਵਿਚ ਬੋਲਣਾ। ਸਪੱਸ਼ਟਤਾ ਵੱਡਾ ਗੁਣ ਸੀ। ਸੂਖਮਤਾ ਸ਼ੁੱਧ ਉਚਾਰਨ ਵਿੱਚ ਵੀ ਅਤੇ ਵਿਚਾਰਾਂ ਵਿਚ ਵੀ। ਗੁਰਬਾਣੀ ਆਦਿ ਅਤੇ ਦਸਮ ਗ੍ਰੰਥ ਦੀ ਉਹਨਾਂ ਦੇ ਮੂੰਹੋਂ ਜ਼ਬਾਨੀ ਇਵੇਂ ਨਿਕਲ ਰਹੀ ਸੀ ਜਿਵੇਂ ਕੋਈ ਪਰਬੀਨ ਅਖੰਡ ਪਾਠੀ ਬੀੜ ਤੋਂ ਪਾਠ ਕਰ ਰਿਹਾ ਹੋਵੇ ਉੱਚੇ ਉਚਾਰਨ ਨਾਲ। ਅਖੰਡ ਪਾਠੀ ਤਾਂ ਪੜ੍ਹਦਾ ਹੀ ਹੈ। ਸੇਵਾ ਸਿੰਘ ਨਿਸ਼ਾਨੇ ਤੇ ਇਵੇਂ ਮਾਰ ਕਰ ਰਹੇ ਸਨ ਜਿਵੇਂ ਕੋਈ ਸੈਨਕ ਮਸ਼ੀਨ ਚੋਂ ਗੋਲੀਆਂ ਚਲਾ ਰਿਹਾ ਹੋਵੇ ਕਿਤੇ ਪ੍ਰਮਾਣ ਦੇਣ ਲਗਿਆਂ ਜ਼ਰਾ ਵੀ ਅਟਕਾਓ ਨਹੀਂ ਸੀ। ਜਿਵੇਂ ਸਭ ਕੁਝ ਆਪ ਮੁਹਾਰਾ ਨਿਕਲ ਰਿਹਾ ਹੋਵੇ। ਜਿਵੇਂ ਝਰਨੇ ਚੋਂ ਪਾਣੀ ਨਿਕਲਦਾ ਹੀ ਆਵੇ ਨਿਕਲਦਾ ਹੀ ਆਵੇ। ਉਸ ਤੋਂ ਅੱਗੇ ਇਕ ਗੱਲ ਹੋਰ ਵਿਸ਼ੇਸ਼ ਸੀ ਕਿ ਇਕ ਇਕ ਨੁਕਤੇ ਉੱਤੇ ਉਹ ਪ੍ਰਮਾਣਾਂ ਦੀ ਝੜੀ ਲਾ ਰਹੇ ਸਨ। ਵਿਚ ਵਿਚ ਉਹ ਧਾਰਨਾ ਪੜ੍ਹਕੇ ਗਾਉਂਦੇ ਅਤੇ ਢੋਲਕ, ਛੈਣਿਆਂ ਵਾਲਾ ਜਥਾ ਨਾਲ ਪੜ੍ਹਦਾ ਅਤੇ ਫੇਰ ਛੇਤੀ ਸਮਾਪਤ ਕਰ ਦਿੰਦੇ ਤੇ ਵਖਿਆਨ ਜਾਰੀ ਹੋ ਜਾਂਦਾ।

ਬਾਦ ਵਿਚ ਹੋਰ ਸਮਾਗਮਾਂ ਤੇ ਵੀ ਜਥੇਦਾਰ ਜੀ ਨੂੰ ਸੁਣਿਆ। ਖੁਸ਼ੀ ਦੇ ਮੌਕਿਆਂ ਤੇ ਵੀ ਗੁਰਪੁਰਬਾਂ ਤੇ ਵੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਦੀਵਾਨਾਂ ਵਿਚ ਵੀ। ਵਿਚਾਰ ਪ੍ਰਵਾਹ ਨਿਰੰਤਰ ਹੀ ਵਗਦਾ ਰਿਹਾ।

ਸੰਤ ਬਹਾਦਰ ਸਿੰਘ ਨੇ ਜਥੇਦਾਰ ਸੇਵਾ ਸਿੰਘ ਨੂੰ ਜਦੋਂ ਸੁਣਿਆ ਉਦੋਂ ਕਿਸੇ ਵਿਛੜੇ ਪ੍ਰਾਣੀ ਦਾ ਭੋਗ ਹੀ ਸੀ। ਨਾਮਧਾਰੀਆਂ ਵਿਚ ਵਿਆਹ ਸ਼ਾਦੀਆਂ ਦੇ ਸਮਾਗਮ ਵਿਵਰਜਤ ਹਨ। ਬੱਚਿਆਂ ਦੇ ਜਨਮ ਤੇ ਖੁਸ਼ੀ ਦੀ ਮਨਾਹੀ ਨਹੀਂ ਪਰ ਆਮ ਤੌਰ ਤੇ ਵੱਡੇ ਸਮਾਗਮ ਘੱਟ ਹੁੰਦੇ ਹਨ ਅਤੇ ਲੈ ਦੇ ਕੇ ਮਰਿਆਂ ਦੇ ਭੋਗਾਂ ਦੇ ਇਕੱਠ ਹੀ ਹਨ। ਜਦੋਂ ਹਾਜ਼ਰੀ ਵੀ ਜ਼ਿਆਦਾ ਹੁੰਦੀ ਹੈ ਤੇ ਸਬੰਧਤ ਪ੍ਰਬੰਧਕ ਵੀ ਸਾਰਾ ਜੋਰ ਪਾਠ ਕੀਰਤਨ ਲੰਗਰ ਆਦਿ ਤੇ ਲਾ ਦਿੰਦੇ ਹਨ। ਇਸ ਵਾਸਤੇ ਸੰਤ ਬਹਾਦਰ ਸਿੰਘ ਦੀ ਸੂਚਨਾ ਦਾ ਆਧਾਰ ਹੀ ਇਹ ਭੋਗ ਸਨ। ਪਰ ਮੈਂ ਬਾਦ ਵਿਚ ਜਥੇਦਾਰ ਜੀ ਨਾਲ ਬਾਹਰ ਵੀ ਵਿਚਰਿਆ ਹਾਂ। ਉਹ ਹਰ ਮੌਕੇ ਤੇ ਹਰ ਮਜ਼ਮੂਨ ਤੇ ਬਗੈਰ ਤਿਆਰੀ ਦੇ ਭਰਪੂਰ ਤਿਆਰੀ ਨਾਲ ਬੋਲ ਸਕਦੇ ਹਨ। ਕੁਝ ਕੁਝ ਯਾਦਗਾਰੀ ਮੌਕੇ ਅਜੇ ਵੀ ਜ਼ਿਹਨ ਵਿਚ ਹਨ।

ਸ਼ਾਮ ਦਾ ਟਿਕਾਅ ਵਾਲਾ ਸਮਾ ਲੁਧਿਆਣੇ ਉਦੋ ਨਿਟਵੀਅਰ ਵਾਲੇ ਸੰਤ ਸਰਦਾਰਾ ਸਿੰਘ ਪਰਿਵਾਰ ਵਲੋਂ ਸਮਾਗਮ। ਸ. ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ ਅਤੇ ਸ. ਬਖਸ਼ੀਸ਼ ਸਿੰਘ ਹੋਰਾਂ ਦੇ ਆਪਣੇ ਵਿਵਹਾਰ ਅਤੇ ਅਸਰ ਰਸੂਖ ਕਾਰਨ, ਲੁਧਿਆਣੇ ਸ਼ਹਿਰ ਦਾ ਵਪਾਰੀ ਤਬਕਾ,



Sri Satguru Jagjit Singh Ji eLibrary NamdhariElibrary@gmail.com

ਡਾਕਟਰ ਬਿਰਾਦਰੀ, ਅਫਸਰ, ਜੰਤਾ, ਮਜ਼ਦੂਰ, ਵਰਕਰ, ਸਭ ਧਾਰਮਕ ਸ਼੍ਰੇਣੀਆਂ ਦੇ ਪ੍ਰਮੁੱਖ ਲੋਕਾਂ ਅਤੇ ਨਾਮਧਾਰੀ ਸੰਗਤਾਂ ਦਾ ਬੇਪਨਾਹ ਇਕੱਠ ਸੀ। ਜਥੇਦਾਰ ਸੇਵਾ ਸਿੰਘ ਦਾ ਕਥਨ ਚਲ ਰਿਹਾ ਸੀ। ਸਭ ਭੁਲੇ ਹੋਏ ਸਨ ਕਿ ਇਸ ਦਿਸਦੇ ਸੰਸਾਰ ਤੇ ਵਿਚਰ ਰਹੇ ਹਨ। ਇਵੇਂ ਲਗ ਰਿਹਾ ਸੀ ਜਿਵੇਂ ਕਿਸੇ ਅਦਭੁਤ ਸੰਸਾਰ ਕਿਸੇ ਸਵਰਗ ਲੋਕ ਵਿਚ ਸਜੇ ਦੈਵੀ ਦਰਬਾਰ ਵਿਚ ਹੀ ਹੋਣ। ਜਿਵੇਂ ਕਿਸੇ ਨੇ ਜਾਦੂ ਧੂੜ ਦਿੱਤਾ ਹੋਵੇ। ਮੈਸਮਰਾਈਜ਼ ਕਰ ਦਿੱਤਾ ਹੋਵੇ।

ਸੰਤ ਗਿਆਨ ਸਿੰਘ ਵੀਰੋਕੇ ਨਾਮਧਾਰੀ ਸਮਾਜ ਦੇ ਨਿਰਸੰਦੇਹ ਬਹੁਤ ਮਹਾਨ ਸੰਤ ਵਿਚਾਰਕ ਗਿਆਨਵਾਨ ਸੰਗੀਤਕਾਰ ਪਾਠੀ ਅਤੇ ਉਚ ਦੁਮਾਲੜੇ ਜਥੇਦਾਰ ਹੋਏ ਹਨ। ਉਹਨਾਂ ਦੀ ਯਾਦ ਵਿਚ ਪਰਿਵਾਰ ਵਲੋਂ ਆਪਣੇ ਪਿੰਡ ਬਹਾਦਰ ਸੈਨ ਨੇੜੇ ਬਟਾਲਾ ਵਿਚ ਮੇਲਾ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਵੀ ਸਮੇਤ ਸੰਗਤ ਦੇ ਦਰਸ਼ਨ ਦਿੱਤੇ। ਸੰਗਤਾਂ ਦੀ ਗਿਣਤੀ ਦਾ ਪਾਰਾਵਾਰ ਨਹੀਂ ਸੀ ਪਹਿਲੀ ਸ਼ਾਮ ਨੂੰ ਰਾਤ ਦੇ ਟਿਕਾਅ ਵਿਚ ਹੋਰ ਦੀਵਾਨਾਂ ਬਾਦ ਜਥੇਦਾਰ ਸੇਵਾ ਸਿੰਘ ਜੀ ਦਾ ਦੀਵਾਨ ਸਜਿਆ। ਜਥੇਦਾਰ ਸੇਵਾ ਸਿੰਘ ਜੀ ਦੇ ਵਿਖਿਆਨ ਦਾ ਆਕਰਸ਼ਨ ਸੀ ਕਿ ਬਹਾਦਰ ਸੈਨ ਅਤੇ ਆਲੇ ਦੁਆਲੇ ਦੀ ਕੁਲ ਆਬਾਦੀ ਦੀਵਾਨ ਅਸਥਾਨ ਵੱਲ ਧਾਈ ਕਰਕੇ ਆ ਰਹੀ ਸੀ। ਜਥੇਦਾਰ ਗਿਆਨ ਸਿੰਘ ਹੋਰਾਂ ਦੀ ਸ਼ਖਸੀਅਤ ਬਾਰੇ, ਉਹਨਾਂ ਦੀ ਉੱਚਤਾ ਬਾਰੇ ਜੋ ਮੌਲਿਕ ਵਿਚਾਰ ਜਥੇਦਾਰ ਸੇਵਾ ਸਿੰਘ ਨੇ ਰੱਖੇ। ਉਹ ਸੁਣ ਕੇ ਸਾਡੇ ਵਰਗੇ ਵੀ ਹੈਰਾਨ ਹੋ ਗਏ, ਜਿਨ੍ਹਾਂ ਨੇ ਜਥੇਦਾਰ ਗਿਆਨ ਸਿੰਘ ਬਾਰੇ ਐਡੀਸ਼ਨ ਵੀ ਕੱਢੇ ਸਨ। ਅੱਜ ਤੱਕ ਉਸ ਇਲਾਕੇ ਦੇ ਲੋਕ ਉਸ ਯਾਦਗਾਰੀ ਰਾਤ ਨੂੰ ਯਾਦ ਕਰ ਕਰਕੇ ਪੁਛਦੇ ਹਨ। ਉਦੋਂ ਵਾਲੇ ਸੰਤ ਫੇਰ ਕਦੋਂ ਆਉਣਗੇ?

ਬਿਰਤਾਂਤ ਜਿੰਨਾ ਮਰਜ਼ੀ ਲੰਬਾ ਕਰ ਲਈਏ ਹਰ ਦੀਵਾਨ ਦੀ ਹਰ ਵਖਿਆਨ ਦੀ ਆਪਣੀ ਮਹੱਤਤਾ ਹੈ। ਮੈਨੂੰ ਅਵਸਰ ਮਿਲਿਆ ਹੈ ਜਥੇਦਾਰ ਸੇਵਾ ਸਿੰਘ ਜੀ ਦੇ ਵਖਿਆਨ ਦੇਸ਼ ਵਿਚ ਵੀ ਅਤੇ ਬਦੇਸ਼ ਵਿਚ ਵੀ ਸੁਨਣ ਦਾ। ਅਫਰੀਕਾ ਇੰਗਲੈਂਡ ਅਤੇ ਅਮਰੀਕਾ ਵਿਚ ਵੀ। ਉਹਨਾਂ ਦੇ ਦੀਵਾਨ ਨਾਮਧਾਰੀ ਸਮਾਗਮਾਂ ਤੇ ਵੀ ਸੁਣੇ, ਸਿੰਘ ਸਭਾਵਾਂ ਦੇ ਗੁਰਦੁਆਰਿਆ ਵਿਚ ਵੀ, ਸਟੇਜ ਸੰਚਾਲਕ ਦੇ ਰੂਪ ਵਿਚ ਵੀ ਹਰ ਥਾਂ ਹੀ ਉਹਨਾਂ ਦੀ ਪ੍ਰਤਿਭਾ ਦੀ ਮੋਹਰ ਛਾਪ ਹੀ ਵੇਖੀ ਹੈ। ਉਹਨਾਂ ਦੇ ਬੋਲਦਿਆਂ ਕਿਸੇ ਦਾ ਧਿਆਨ ਦੂਸਰੇ ਪਾਸੇ ਨਹੀਂ ਜਾ ਸਕਦਾ। ਉਹਨਾਂ ਦੀਆਂ ਕੈਸਟਾਂ ਵੀ ਦਿੱਲੀ ਦੀ ਨਾਮਧਾਰੀ ਸੰਗਤ ਨੇ ਕੱਢੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਆਪ ਹਜ਼ੂਰੀ ਅਰਦਾਸੀਏ ਵੀ ਹਨ। ਉਹਨਾਂ ਦੀ ਸ਼ਖਸੀਅਤ ਵਿੱਚੋਂ ਸਾਧਨਾ ਦੀ ਕਮਾਈ ਝਲਕਦੀ ਹੈ। ਉੱਚਾ ਲੰਮਾ ਪਤਲਾ ਸਾਧਿਆ ਹੋਇਆ ਸਰੀਰ ਤੁਰਨ ਫਿਰਨ ਵਿਚ ਫੁਰਤੀਲਾਪਣ। ਹਵਾਈ ਜਹਾਜ਼ ਵਿਚ ਇਕ ਛੋਟਾ ਜਿਹਾ ਹੱਥ ਵਿਚ ਫੜਨ ਵਾਲਾ ਅਟੈਚੀ ਕੇਸ ਹੀ ਲੈ ਕੇ ਜਾਣਗੇ। ਜੋ ਅੰਦਰ ਹੀ ਰੱਖ ਲਿਆ ਜਾਵੇ ਤੇ ਉਤਰਨ ਲਗੇ ਆਪੇ ਚੁੱਕ ਕੇ ਸਭ ਤੋਂ ਅਗੇ। ਨਾ ਭਾਰੀ ਭਰਕਮ ਟਰੰਕ-ਸੂਟਕੇਸ ਲਿਜਾਣੇ ਨਾ ਲਗੇਜ ਬੈਲਟਾਂ ਤੇ ਉਡੀਕ ਕਰਨੀ ਤੇ ਨਾ ਸਮਾਨ ਗਵਾਚਣ ਦਾ ਝੋਰਾ। ਸੰਗੀਆਂ ਸਾਥੀਆਂ ਨਾਲ ਸੋਹਣੀ ਮਿੱਠੀ ਗੱਲਬਾਤ, ਮਿਲਵਰਤਨ ਅਤੇ ਹਸਮੁਖਤਾ ਵਾਲਾ ਵਰਤਾਓ। ਖਾਮੋਸ਼ ਕਟਾਖਸ਼, ਲਤੀਫਬਿਆਨੀ ਜਥੇਦਾਰ ਸੇਵਾ ਸਿੰਘ ਜੀ ਦੇ ਅਨੇਕ ਗੁਣਾਂ ਦਾ ਹਿੱਸਾ ਹਨ। ਜਿਥੇ ਵੀ ਥਾਂ ਮਿਲੀ ਡੇਰਾ ਕਰ ਸਕਣ ਦੀ ਯੋਗਤਾ ਪਰ ਸਾਧ ਸੰਗਤ ਉਹਨਾਂ ਨੂੰ ਹੱਥਾਂ ਤੇ ਚੁੱਕੀ ਰੱਖਦੀ ਹੈ। ਜਥੇਦਾਰ ਸੇਵਾ ਸਿੰਘ ਆਪਣੀ ਹੱਥੀਂ ਕਿਰਤ ਕਰਦੇ ਹਨ। ਵੱਡਾ ਪਰਿਵਾਰ ਵੀ ਬਿਲਕੁਲ ਸਹੀ ਰੂਪ ਵਿਚ ਸੰਤੁਸ਼ਟ ਹੈ। ਆਪ ਦੇ ਹੱਥੀਂ ਬਣਾਈਆਂ ਜਾਂ ਦੇਖ ਰੇਖ ਵਿਚ ਬਣੀਆਂ ਕੋਠੀਆਂ ਆਪ ਦੀ ਸੂਝ ਬੂਝ ਅਤੇ ਕਾਰੀਗਰੀ ਦੀ ਮੁਹਾਰਤ ਦਾ ਕਮਾਲ ਹਨ। ਭਾਵੇਂ ਆਪ ਨੂੰ ਕਿਸੇ ਹੋਰ ਕੰਮ ਦੀ ਲੋੜ ਨਹੀਂ ਪ੍ਰਚਾਰ ਦੀਵਾਨਾਂ ਤੋਂ ਹੀ ਵਿਹਲ ਨਹੀਂ ਪਰ ਆਪ ਨੇ ਇਕ ਨੰਬਰ ਤੇ ਕਿਰਤ ਵਿਹਾਰ ਨੂੰ ਹੀ ਰਖਿਆ ਹੈ। ਭਾਸ਼ਣ ਉੱਚ ਪੱਧਰ ਦੇ ਹੁੰਦੇ ਹਨ। ਸੁਨਣ ਵਾਲੇ ਨੂੰ ਆਚਾਰੀਆ ਰਜਨੀਸ਼ ਜਾਂ ਮਸਕੀਣ ਜੀ ਦਾ ਭੁਲੇਖਾ ਵੀ ਪੈ ਸਕਦਾ ਹੈ। ਜੇ ਜਥਾ ਨਾਲ ਨਾ ਹੋਵੇ ਤਾਂ ਵਿਖਿਆਨ ਹੀ ਪ੍ਰਭਾਵ ਸਿਰਜਦਾ ਹੈ। ਕੀਰਤਨੀ ਜਥਾ ਨਾਲ ਹੋਵੇ ਤਾਂ ਕੁਝ ਹੋਰ ਰੰਗ ਹੋ ਜਾਂਦਾ ਹੈ। ਆਸਾ ਦੀ ਵਾਰ ਦਾ ਕੀਰਤਨ ਵੀ ਕਰ ਲੈਂਦੇ ਹਨ। ਨਾਮਧਾਰੀਆਂ ਦੇ ਸਿਰਮੌਰ ਜਥੇਦਾਰ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਨੇ ਇਕ ਸਮੇਂ ਲੇਖਕ ਨੂੰ ਦਸਿਆ ਕਿ ਇਸ ਵੇਲੇ ਜਥੇਦਾਰ ਸੇਵਾ ਸਿੰਘ ਦਿੱਲੀ ਵਾਲੇ ਸਾਡੇ ਸਾਰਿਆਂ ਤੋਂ ਉਪਰ ਹਨ। ਇਹ ਪੰਡਿਤ ਜੀ ਦੀ ਵਡਿਆਈ ਉਦਾਰਤਾ ਅਤੇ ਨਿਰਮਾਣਤਾ ਹੈ ਪਰ ਜਥੇਦਾਰ ਸੇਵਾ ਸਿੰਘ ਜੀ ਵੀ ਆਪਣੇ ਸਮਕਾਲੀ ਵਿਦਵਾਨਾਂ ਪ੍ਰਚਾਰਕਾਂ ਅਤੇ ਜਥੇਦਾਰਾਂ ਦਾ ਬਹੁਤ ਆਦਰ ਮਾਣ ਕਰਦੇ ਹਨ। ਆਪ ਬਹੁਤ ਅੱਛੀ ਢੋਲਕ ਵਜਾ ਸਕਦੇ ਹਨ ਅਤੇ ਲੋੜ ਪੈਣ ਤੇ ਆਪਣੇ ਸਾਥੀ ਜਥੇਦਾਰਾਂ ਨਾਲ ਜਾਂ ਆਮ ਸ਼ਬਦ ਪੜ੍ਹਣ ਵਾਲਿਆਂ ਨਾਲ ਢੋਲਕ ਵਜਾਉਣ ਦੀ ਸੇਵਾ ਕਰਨ ਤੋਂ ਵੀ ਝਿਜਕਦੇ ਨਹੀਂ। ਉੱਚੇ ਲੰਮੇ ਪਤਲੇ ਖੂਬਸੂਰਤ ਦਿੱਖ ਵਾਲੇ ਬਹੁਤ ਫਬਵੇਂ ਬਸਤਰਾਂ ਵਾਲੇ ਸੇਵਾ ਸਿੰਘ ਜੀ ਸੂਰਤ ਸੀਰਤ ਅਤੇ ਗੁਣਾਂ ਵਲੋਂ ਸਭ ਨੂੰ ਮੋਹੰਦੇ ਹਨ। ਆਪਣੇ ਸਤਿਗੁਰੂ ਦੇਵ, ਸਤਿਗੁਰੂ ਜਗਜੀਤ ਸਿੰਘ ਜੀ ਤੇ ਅਥਾਹ ਸ਼ਰਧਾ ਰਖਦੇ ਹਨ ਅਤੇ ਉਹਨਾਂ ਦੇ ਪਿਆਰ ਦੇ ਬੋਹਲਾਂ ਦੇ ਬੋਹਲ ਪ੍ਰਾਪਤ ਕਰਦੇ ਹਨ।

ਜਥੇਦਾਰ ਸੇਵਾ ਸਿੰਘ ਨੇ ਨਾ ਆਪਣਾ ਆਪ ਜਤਾਇਆ ਹੈ ਨਾ ਵੱਧ ਚੜ੍ਹ ਕੇ ਗੱਲ ਕੀਤੀ ਹੈ ਨਾ (ਇਸ਼ਾਰੇ



Sri Satguru Jagjit Singh Ji eLibrary NamdhariElibrary@gmail.com

ਨਾਲ ਵੀ) ਕੋਈ ਮਾਇਆ ਜਾਂ ਹੋਰ ਚੀਜ਼ ਦੀ ਖਾਹਸ਼ ਰੱਖੀ ਹੈ। "ਘਰ ਸੁੱਖ ਵਸਿਆ ਬਾਹਰ ਸੁਖ ਪਾਇਆ" ਅਤੇ "ਸਤਿਗੁਰੁ ਤ ਪਾਇਆ ਸਹਜ ਸੇਤਾ ਮਨਿ ਵਜੀਆ ਵਾਧਾਈਆ" ਵਾਲੀ ਅਵਸਥਾ ਹੈ। ਜੇ ਘਰ ਜਾਵੋ ਤਾਂ ਆਮ ਤੌਰ ਤੇ ਗ੍ਰੰਥਾਂ ਦੇ ਅਧਿਐਨ ਵਿਚ ਵਿਵਸਥ ਨਜ਼ਰੀਂ ਆਉਣਗੇ। ਲੱਖ ਖੁਸ਼ੀਆਂ ਪਾਤਸ਼ਾਹੀਆਂ ਵਿਚ ਵਿਚਰਦੇ ਅਤੇ ਖੁਸ਼ੀਆਂ ਵੰਡਦੇ ਨਜ਼ਰ ਆਉਂਦੇ ਹਨ।

ਮੈਂ ਕੁਝ ਜਾਨਣ ਬੁਝਣ ਦੀ ਗਰਜ਼ ਨਾਲ ਆਪ ਦੇ ਨਿਵਾਸ ਅਸਥਾਨ ਤੇ ਗਿਆ ਤਾਂ ਆਪ ਆਪਣੇ ਮਕਾਨ ਦੀ ਤੀਜੀ ਮੰਜ਼ਿਲ ਤੇ ਰਾਜ ਮਿਸਤਰੀਆਂ ਤੋਂ ਕੰਮ ਕਰਵਾ ਰਹੇ ਸਨ। ਸਾਰੇ ਕੱਪੜੇ ਰੇਤ ਸੀਮੇਂਟ ਮਿੱਟੀ ਦੀ ਧੂੜ ਨਾਲ ਭਰੇ ਹੋਏ। ਵਕਤ ਸਿਰ ਕਾਰੀਗਰਾਂ ਨੂੰ ਛੁੱਟੀ ਕਰਵਾ ਕੇ ਥੱਲੇ ਆਏ। ਆਪਣੀ ਬੈਠਕ ਵਿਚ ਬੈਠੇ ਤਾਂ ਮੈਂ ਕੁਝ ਗੱਲਾਂ ਪੁੱਛੀਆਂ। ਸੰਤਾਂ ਨੇ ਉਹ ਦੱਸਦਿਆਂ ਨਿਸੰਗਤਾਂ ਕਾਇਮ ਰੱਖੀ। ਬਹੁਤਾ ਇਹ ਹੀ ਸੀ। "ਮੈਨੂੰ ਆਹ ਵੀ ਨਹੀਂ ਆਉਂਦਾ ਤੇ ਆਹ ਵੀ ਨਹੀਂ।" ਜਾਣਕਾਰੀ ਦੇ ਕੁਝ ਅੰਸ਼ ਹਾਜ਼ਰ ਹਨ।

*? ...... ਪਿਤਾ ? ਮਾਤਾ ? ਪਿੰਡ ਤੇ ਮੁਢਲੇ ਸਮਾਚਾਰ*

— ਪਿਤਾ ਸੰਤ ਬੂੜ ਸਿੰਘ ਸੋਧੀ ਸਨ। ਲੰਗਰ ਵਿਚ ਸੇਵਾ ਕਰਦੇ ਸਨ। ਮਾਤਾ ਦਾ ਨਾਮ ਪ੍ਰਤਾਪ ਕੌਰ ਹੈ ਪਿਛਲਾ ਪਿੰਡ ਫਤੂਹੀ ਚੱਕ, ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਗੁਰਦਾਸਪੁਰ (ਸ਼ਕਰਗੜ੍ਹ ਤਹਿਸੀਲ ਅੱਜਕਲ੍ਹ ਪਾਕਿਸਤਾਨ ਵਿਚ ਹੈ) ਜਨਮ ਸੰਨ ੧੯੨੮, ੧੪-੧੫ ਅਗਸਤ ਬਣਦਾ ਹੈ। ਭਾਦਰੋਂ ਦੇ ਮਹੀਨੇ ਵਿਚ। ੧੬ ਸੋਲਾਂ ਦੀ ਉਮਰ ਵਿਚ ੧੯੪੪ ਵਿਚ ਰਾਵਲ ਪਿੰਡੀ ਕੰਮ ਸਿਖਣ ਚਲਾ ਗਿਆ। ਉਥੇ ਹੀ ਜਥੇਦਾਰ ਨੱਥਾ ਸਿੰਘ (ਸੰਪਾਦਕ ਦੇ ਪਿਤਾ ਜੀ) ਹੁੰਦੇ ਸਨ ਜੋ ਬਹੁਤ ਸਰਗਰਮ ਸਨ। ਦੀਵਾਨ ਲਾਉਂਦੇ ਸਨ ਹੋਰ ਵੀ ਮਹੌਲ ਕੀਰਤਨ ਅਤੇ ਧਾਰਮਿਕ ਸਮਾਗਮਾਂ ਦਾ ਸੀ। ਉਥੇ ਢੋਲਕੀ ਵਜਾਉਣ ਦਾ ਸ਼ੌਕ ਸੀ। ਕਦੇ ਕਦੇ ਸ਼ਬਦ ਵੀ ਪੜ੍ਹ ਲੈਣਾ। ਪਾਕਿਸਤਾਨ ਬਨਣ ਬਾਦ ਸਰਸੇ ਤਹਿਸੀਲ ਵਿਚ ਰਾਣੀਆਂ ਕਸਬੇ 'ਚ ਆ ਗਏ। ਇਥੇ ਆਸਾ ਦੀ ਵਾਰ ਲੌਣ ਦਾ ਸ਼ੌਕ ਜਾਗ ਪਿਆ, ਬਗੈਰ ਵਾਜੇ ਤੋਂ ਹੀ। ਵਾਜਾ ਸੰਤ ਪਿਆਰਾ ਸਿੰਘ ਬਾਜਵਾ ਕੋਲੋਂ ਲਿਆ। ਆਪ ਹੀ ਸੁਰਾਂ ਨੱਪ ਨੱਪ ਕੇ ਆਪ ਹੀ ਗਾ ਵਜਾ ਲੈਣਾ। ਸਕੂਲ ਦੀ ਪੜ੍ਹਾਈ ਨਹੀਂ। ਘਰ ਹੀ ੳ, ਅ ਪੜ੍ਹਿਆ। ਘਰ ਵਿਚ ਸੰਤਾਂ ਦੀ ਆਵਾਜਾਈ ਬਹੁਤ ਸੀ। ੧੯੫੭ ਵਿਚ ਸਰਸੇ ਕੰਮ ਕਰਦਾ ਸਾਂ। ਢੋਲਕ ਵਜਾਂਦਾ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਵੀ ਸਾਡਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੁੰਦਾ ਸੀ। ਕੋਈ ਸ਼ਬਦ ਕਿਸੇ ਨੇ ਪੜ੍ਹਨਾ ਕੋਈ ਛੱਕਾ ਕਿਸੇ ਨੇ ਲਾਉਣਾ। ਇਕ ਛੱਕਾ ਹੈ "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ.....।" ਮੈਂ ਇਸ ਤੋਂ ਪਹਿਲਾਂ ਸ਼ਬਦ ਪੜ੍ਹਿਆ "ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।" ਇਹ ਗੱਲ ਰਾਣੀਆਂ ਦੀ ਹੈ। ਸਤਿਗੁਰੂ ਜੀ ਦੀ ਨਜ਼ਰ ਮੇਰੇ ਤੇ ਪਈ। ਭੋਗ ਤੋਂ ਬਾਦ ਮੁਸਕਰਾ ਕੇ ਮੈਨੂੰ ਕਹਿਣ ਲੱਗੇ ਕਾਕਾ ਤੂੰ ਤੇ ਸ਼ਬਦ ਪੜ੍ਹ ਲੈਨੈਂ। ਸ਼ਬਦ ਯਾਦ ਕਰ ਕੇ ਪੜ੍ਹਿਆ ਕਰ। ਸਤਿਗੁਰਾਂ ਦੀ ਉਸ ਨਜ਼ਰ ਨੇ ਮੈਨੂੰ ਨਵਾਂ ਉਭਾਰ ਦਿੱਤਾ। ਮੈਂ ਇਕ ਇਕ ਦਿਨ ਵਿੱਚ ਪੰਜ ਪੰਜ ਸ਼ਬਦ ਯਾਦ ਕਰ ਲੈਣੇ। ਇਹਨਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ ਜੀ) ਦੇ ਗੱਦੀ ਤੇ ਬੈਠਣ ਬਾਦ ਵੀ ਵਾਰ ਲਾਉਣੀ। ਮੈਂ ੧੯੬੪ ਵਿਚ ਦਿੱਲੀ ਆ ਗਿਆ। ਇਥੇ ਗਿਆਨੀ ਗੁਰਬਖਸ਼ ਸਿੰਘ ਜੀ ਹੋਰਾਂ ਨਾਲ ਦੀਵਾਨਾਂ ਤੇ ਜਾਣਾ। ਉਹਨਾਂ ਥੋੜ੍ਹਾ ਟਾਈਮ ਦੇ ਦੇਣਾ। ਮੈਂ ੧੯੭੫ ਵਿਚ ਵਿਆਖਿਆ ਸ਼ੁਰੂ ਕੀਤੀ। ਤੇ ਫੇਰ ਵਿਆਖਿਆ ਚਾਲੂ ਹੋ ਗਈ।

***ਤੁਸੀਂ ਇਸ ਵਿਆਖਿਆ ਲਈ ਅਭਿਆਸ ਜਾਂ ਤਿਆਰੀ ਕਰਦੇ ਹੋ ?***

— ਮੈਂ ਰਜਨੀਸ਼, ਮਸਕੀਨ ਤੇ ਹੋਰ ਵਿਆਖਿਆਰਾਂ ਦੀਆਂ ਪੁਸਤਕਾਂ ਪੜ੍ਹੀਆਂ ਹਨ। ਪਰ ਮੈਂ ਕਿਸੇ ਦੀ ਨਕਲ ਨਹੀਂ ਕੀਤੀ। "੧ਓ ਸਤਿਨਾਮੁ" ਰਜਨੀਸ਼ ਹੋਰਾਂ ਦਾ ਸਤਿਗੁਰਾਂ ਮੈਨੂੰ ਦਿੱਤਾ ਸੀ। ਮੈਂ ਸਿੱਧੀ ਸਾਫ ਗੱਲ ਹੀ ਕਰਦਾ ਹਾਂ। ਮੈਂ ਇਸ ਨੂੰ ਲੈਕਚਰ ਨਹੀਂ ਆਖਦਾ। ਭਾਵੇਂ ਤੁਸੀਂ ਲੋਕ ਇਵੇਂ ਕਹਿ ਦਿੰਦੇ ਹੋ।

***? ਤੁਹਾਡੇ ਮਨ ਨੇ ਕਿਹੜੇ ਨਾਮਧਾਰੀ ਜਥੇਦਾਰ ਦਾ ਪ੍ਰਭਾਵ ਜ਼ਿਆਦਾ ਗ੍ਰਹਿਣ ਕੀਤਾ ਹੈ ?***

— ਜਥੇਦਾਰ ਗਿਆਨ ਸਿੰਘ ਵੀਰੋਕੇ। ਉਹਨਾਂ ਦੇ ਬਹੁਤ ਦੀਵਾਨ ਸੁਣੇ ਤੇ ਮੈਂ ਬਹੁਤ ਪ੍ਰਭਾਵਤ ਰਿਹਾਂ।

— ਨਕੌੜਾ ਹੋਲੇ ਤੇ ਸੰਤ ਟਹਿਲ ਸਿੰਘ ਸੱਦੋਵਾਲੀਏ ਆਏ ਸਨ। ਰਾਣੀਆਂ ਪਿੰਡ ਥੜ੍ਹੇ ਤੇ ਦੀਵਾਨ ਰਖਿਆ ਸੀ। ਜਥੇਦਾਰ ਖਜ਼ਾਨ ਸਿੰਘ ਗਿਲਾਂ ਦਾ ਬੋਲਦਾ ਸੀ। ਮੈਂ ਉਥੇ ਇਕ ਕਬਿਤ ਅਕਾਲ ਉਸਤਤ ਚੋਂ ਪੜ੍ਹਿਆ।

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ<br>
ਕਬਹੂੰ ਸਨਿਆਸ ਭੇਸ ਬਨ ਕੈ ਦਿਖਾਵਈ॥<br>
ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ<br>
ਕਹੂੰ ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਈ॥<br>
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ<br>
ਕਹੂੰ ਡੰਡਧਾਰੀ ਹੋਇਕੈ ਲੋਗਨ ਭ੍ਰਮਾਵਈ॥<br>
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ<br>
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ॥

ਦੀਵਾਨ ਬਾਦ ਸੰਤ ਟਹਿਲ ਸਿੰਘ ਸੱਦੋਵਾਲੀਏ ਕਹਿਣ ਲਗੇ। "ਕਾਕਾ ਉਰੇ ਆ। ਤੁਹਾਡਾ ਕਿਹੜਾ ਪਿੰਡ ਐ ?



Sri Satguru Jagjit Singh Ji eLibrary NamdhariElibrary@gmail.com

ਕਿਹਦਾ ਪੁੱਤਰ ਏਂ ? ....ਉਹ ਪਈ ਬੱਲੇ ਬੱਲੇ....। ਮੈਂ ਸਤ ਦਿਨ ਇਥੇ ਰਹਿਣੈ। ਤੂੰ ਮੈਥੋਂ ਰੋਜ਼ ਕੁਝ ਨਾ ਕੁਝ ਪੁੱਛਿਆ ਕਰ। ਮੈਨੂੰ ਜਾਪਦੈ ਤੂੰ ਵਕਤਾ ਵਧੀਆ ਬਣੇਗਾ। ਪੜ੍ਹਿਆ ਕਰ ਤੇ ਯਾਦ ਕਰਿਆ ਕਰ। ਫੇਰ ਜੱਫੀ 'ਚ ਲੈ ਕੇ ਕਹਿਣ ਲੱਗੇ, ਤੂੰ ਜਥੇਦਾਰ ਬਣੇਗਾ। ਦੀਵਾਨ ਵਿਚ ਕਵਿਤਾ ਨਾ ਬੋਲੀਂ। ਗੁਰਬਾਣੀ ਤੇ ਹੀ ਬੋਲਣਾ। ਜੇ ਕਵਿਤਾ ਕਹੇਂਗਾ ਤਾਂ ਯੱਭਲ ਕਵੀ ਦੀ ਨਾ ਕਹੀਂ। ਸੋ ਗੁਰਬਾਣੀ ਦੇ ਪ੍ਰਮਾਣ ਸਟੀਕ ਹੁੰਦੇ ਹਨ। ਹਰ ਮਜ਼ਹਬ ਸੰਪਰਦਾ ਦੇ ਲੋਕ ਪਸੰਦ ਕਰਦੇ ਹਨ। ਦਿੱਲੀ ਵਿਚ ਬਹੁਤ ਆਦਰ ਨਾਲ ਲੋਕ ਸੁਣਦੇ ਆ ਰਹੇ ਹਨ।

***? ਤੁਸੀਂ ਦਸਮ ਗ੍ਰੰਥ ਤੋਂ ਪ੍ਰਮਾਣ ਬਹੁਤ ਸਰਲਤਾ ਅਤੇ ਅਧਿਕਾਰ ਨਾਲ ਦਿੰਦੇ ਹੋ। ਏਨੀ ਦਸਮ ਦੀ ਬਾਣੀ ਕਿਵੇਂ ਯਾਦ ਹੋਈ।***

– ਪਾਕਿਸਤਾਨ ਬਨਣ ਤੋਂ ਪਹਿਲਾਂ ਪਿਤਾ ਜੀ ਦਾ ਸ਼ੌਕ ਸੀ ਮੈਨੂੰ ਅਖੰਡ ਪਾਠੀ ਬਨਾਉਣ ਦਾ। ਬਾਬਾ ਸੇਵਾ ਸਿੰਘ ਸੂਬਾ ਗੁਰਦਾਸਪੁਰ ਹੋਰਾਂ ਨਾਲ ਮੈਂ ਅਖੰਡ ਪਾਠੀ ਰਿਹਾਂ। ੧੯੪੨ ਵਿਚ ਸਵਾ ਲੱਖ ਪਾਠਾਂ 'ਚ ਮੈਂ ਸਰਗਰਮੀ ਨਾਲ ਹਿੱਸਾ ਲਿਆ। ਅਸੀਂ ਹਵਨ ਅਤੇ ਵਰਨੀਆਂ ਕਰਕੇ ਉਥੇ ਦਸਮ ਗੁਰੂ ਜੀ ਦੀਆਂ ਬਾਣੀਆਂ ਅਕਾਲ ਉਸਤਤ ਚੰਡੀ ਦੀ ਵਾਰ ਆਦਿਕ ਪੜ੍ਹਦੇ। ਚਲੰਤ ਜ਼ਬਾਨ ਹੁੰਦੀ ਸੀ ਅਭਿਆਸ ਕਰਦਿਆਂ ਇਹ ਸਾਰੀ ਬਾਣੀ ਕੰਠੋਂ ਯਾਦ ਹੋ ਗਈ। ਸਾਰੀਆਂ ਕਬਿੱਤਾਂ ਸਰਲ ਨੇ ਬਗੈਰ ਰੋਕ ਟੋਕ ਦੇ ਪੜ੍ਹ ਜਾਂਦਾਂ।

ਕਵਿਤਾ ਨੇ ਦੁਨੀਆਂ ਦੇ ਇਤਿਹਾਸ ਨੂੰ ਸ਼ਿੰਗਾਰਿਆ ਹੈ। ਕਵਿਤਾ ਕਿਹੋ ਜਿਹੀ ਹੋਵੇ। ਜਦੋਂ ਗੁਰ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਨਮੂਨੇ ਪੇਸ਼ ਕਰੀਦੇ ਹਨ ਤਾਂ ਸਾਧ ਸੰਗਤ ਬਹੁਤ ਪਸੰਦ ਕਰਦੀ ਹੈ। ਬਦੇਸ਼ਾਂ ਵਿਚ ਸਾਧ ਸੰਗਤ ਜਦੋਂ ਸੁਣਦੀ ਹੈ ਤਾਂ ਉਹਨਾਂ ਨੂੰ ਇਕ ਨਵਾਂ ਅਨੁਭਵ ਹੁੰਦਾ ਹੈ। ਆਮ ਤੌਰ ਤੇ ਰਾਗੀ ਸਿੰਘ ਜਾਂ ਵਿਆਖਿਆਕਾਰ ਦਸਮ ਗ੍ਰੰਥ ਦੀ ਬਾਣੀ ਨਹੀਂ ਪੜ੍ਹ ਸਕਦੇ ਹੁੰਦੇ।

***? ਤੁਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਕਟ ਵਰਤੀਆਂ 'ਚ ਕਦੋਂ ਤੇ ਕਿਵੇਂ ਆਏ ?***

– ਸੰਨ ੧੯੮੩ ਵਿਚ ਪਿੰਡ ਅਮਰਾਸਰ ਜ਼ਿਲ੍ਹਾ ਸਰਸਾ ਦੇ ਪਹਿਲੇ ਹੋਲੇ ਤੇ ਗਿਆ। ਸੰਤ ਤਰਸੇਮ ਸਿੰਘ ਨਿੱਜੀ ਸਕੱਤਰ ਨੇ ਕਿਹਾ ਕਿ ਤੁਹਾਡੇ ਦੀਵਾਨ ਵਿਚ ਸਤਿਗੁਰੂ ਜੀ ਦਰਸ਼ਨ ਦੇਣਗੇ ਅਤੇ ਕੀਰਤਨ ਖੁਦ ਸੁਨਣਗੇ। ਮੈਂ ਉਸ ਦਿਨ ਦੀਵਾਨ ਦਾ ਪ੍ਰਕਰਣ ਰਖਿਆ "ਸਤਿਗੁਰ ਪੂਰਾ ਵੈਦ ਹੈ।" ਇਸ ਵਿਚ ਪੂਰਵ ਸਤਿਗੁਰੂਆਂ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਇਤਿਹਾਸਕਿ ਹਵਾਲਿਆਂ ਨਾਲ ਮੈਂ ਆਪਣਾ ਕਥਨ ਮੁਕੰਮਲ ਕੀਤਾ। ਸਤਿਗੁਰੂ ਜੀ ਉਸ ਦਿਨ ਦੀਵਾਨ ਵਿਚ ਨਹੀਂ ਆਏ। ਪਰ ਉਹਨਾਂ ਸਾਰਾ ਵਖਿਆਨ ਤੰਬੂ ਵਿਚ ਸੁਣਿਆ। ਬਾਦ ਵਿਚ ਮੈਨੂੰ ਕਹਿਣ ਲੱਗੇ ਅਜੇ ਵਡਿਆਂ (ਸਤਿਗੁਰਾਂ) ਦੀ ਗੱਲ ਹੀ ਕਰਿਆ ਕਰੋ।

ਫੇਰ ਮੈਨੂੰ ੧੯੮੪ ਵਿਚ ਮੱਧ ਪਰਦੇਸ਼ ਦੇ ਦੌਰੇ ਤੇ ਲੈ ਗਏ। ਦਿੱਲੀ ਆ ਕੇ ਹੁਕਮ ਹੋਇਆ ਕਿ ਪਾਸਪੋਰਟ ਬਣਵਾ ਛੱਡੋ। ਸੰਨ ੧੯੮੫ ਵਿਚ ਪਹਿਲੀ ਵਾਰ ਵਿਦੇਸ਼ ਵਿਚ ਦਾਰਾ ਸਲਾਮ ਤਨਜ਼ਾਨੀਆ ਦੇ ਹੋਲੇ ਤੇ ਲੈ ਕੇ ਗਏ। (ਇਸ ਦੌਰੇ ਸਮੇਂ ਲੇਖਕ ਨਾਲ ਹੀ ਸੀ। ਸਤਿਗੁਰਾਂ ਦੇ ਉਥੇ ਪੁੱਜਣ ਤੋਂ ਪਹਿਲਾਂ ਅਤੇ ਪੁੱਜਣ ਸਮੇਂ ਲਗਾਤਾਰ ਦੀਵਾਨਾਂ ਦੀ ਜੋ ਛਹਿਬਰ ਲਾਈ ਉਹ ਅਜੇ ਤੱਕ ਦਿਮਾਗ ਵਿਚ ਤਰੋ-ਤਾਜ਼ਾ ਹੈ।) ਉਸ ਤੋਂ ਬਾਦ ੮ ਦੌਰੇ ਅਫਰੀਕਾ ਦੇ ਹੋਏ ਹਨ ੬ ਪੱਛਮੀ ਮੁਲਕਾਂ ਦੇ ਯੂਰਪ ਅਤੇ ਅਮਰੀਕਾ ਆਦਿ ਦੇ ੪ ਥਾਈਲੈਂਡ ਦੇਸ ਦੇ। ਬਹੁਤ ਘੁਮ ਲਿਐ ਹੁਣ ਬਹੁਤਾ ਜਾਣ ਨੂੰ ਜੀ ਨਹੀਂ ਕਰਦਾ। ਛੁਟੀ ਵੀ ਮੰਗਦਾਂ ਸੱਚੇ ਪਾਤਸ਼ਾਹ ਕੋਲੋਂ।

***? ਤੁਸੀਂ ਆਪਣਾ ਵਿਹਾਰ ਨਾ ਵੀ ਕਰੋ ਤਾਂ...ਘਰ ਆਰਾਮ ਕਰੋ ਜੇ.... ?***

– ਵਿਹਾਰ ਵੀ ਵੇਖਣਾ ਹੁੰਦੈ। ਸੂਬਾ ਮੇਵਾ ਸਿੰਘ ਸ਼ਾਹਪੁਰ ਨੇਕੀ ਸ਼ਕਰਗੜ੍ਹ ਆਖਦੇ ਹੁੰਦੇ ਸਨ, ਕੀਰਤਨ ਕਰਨ ਵਾਲਿਆਂ ਨੂੰ ਆਪਣਾ ਵਿਹਾਰ ਕਰਨਾ ਚਾਹੀਦਾ ਹੈ। ਕੋਠੇ ਦੇ ਘਾਹ ਨਾਲ ਮੱਝ ਨਹੀਂ ਰੱਜਦੀ। ਵਿਹਾਰ ਘਰ ਬੈਠਣ ਨਹੀਂ ਦਿੰਦਾ। ਆਦਮੀ ਰੁਝਾ ਵੀ ਰਹਿੰਦੈ। ਘਰ ਬੈਠਿਆਂ ਰਹਿਣਾ ਤਾਂ ਬੀਮਾਰੀ ਨੂੰ ਸੱਦਾ ਦੇਣਾ ਹੈ। ਕਾਰ ਵਿਹਾਰ ਕਰਕੇ ਸਾਧ ਸੰਗਤ ਦੇ ਦਰਸ਼ਨ ਨਾਲ ਕਥਾ ਕੀਰਤਨ ਵੀ ਚਲਦਾ ਰਹਿੰਦਾ ਹੈ।

***? ਪਰਿਵਾਰ.....***

– ਘਰੋਂ ਮੇਰਿਓਂ ਪ੍ਰੀਤਮ ਕੌਰ ਹੈ। ਜਥੇਦਾਰ ਗੁਰਦੀਪ ਸਿੰਘ ਹੋਰਾਂ ਦੀ ਭੈਣ ਹੈ। ਪੰਜ ਸਪੁੱਤਰ ਹਨ ਸੱਤਪਾਲ ਸਿੰਘ, ਜਸਪਾਲ ਸਿੰਘ, ਸਰਨਪਾਲ ਸਿੰਘ, ਨਿਰਮਲ ਸਿੰਘ ਤੇ ਰਾਜਾ-ਰਾਜਿੰਦਰ ਸਿੰਘ। ਇਕ ਸਪੁੱਤਰੀ ਹੈ ਬੀਬੀ ਨਰਿੰਦਰ, ਚਾਹਲਾਂ ਦੇ ਸ. ਸਰਦਾਰ ਸਿੰਘ ਹੋਰਾਂ ਨਾਲ ਵਿਆਹੀ ਹੋਈ ਹੈ। (ਬੀਬੀ ਨਰਿੰਦਰ ਵਿਦਿਅਕ ਜਥੇ ਦੀ ਇਸਤਰੀ ਵਿੰਗ ਦੀ ਉੱਘੀ ਕਾਰਕੁੰਨ ਹੈ।)

ਜਥੇਦਾਰ ਸੇਵਾ ਸਿੰਘ ਹੋਰਾਂ ਕੋਲ ਤਾਂ ਸਮੁੰਦਰ ਵਾਂਗ ਗਿਆਨ ਭੰਡਾਰ ਹੈ। ਸਮੇਂ ਦੇ ਵਸ ਵਿਚ ਅਸਾਂ ਕੁਝ ਕੁ ਚੁਲੀਆਂ ਪ੍ਰਾਪਤ ਕੀਤੀਆਂ ਹਨ। 'ਵਰਿਆਮ' ਸਿਲਵਰ ਜੁਬਲੀ ਮਨਾ ਰਿਹਾ ਹੈ। ਜਥੇਦਾਰ ਸੇਵਾ ਸਿੰਘ ਨੇ ੧੯੭੫ ਵਿਚ ਵਿਆਖਿਆ ਸ਼ੁਰੂ ਕੀਤੀ ਜਦੋਂ ਵਰਿਆਮ ਸ਼ੁਰੂ ਹੋਇਆ ਸੀ। ਜਥੇਦਾਰ ਸੇਵਾ ਸਿੰਘ ਹੋਰਾਂ ਦੀ ਜਥੇਦਾਰੀ ਦੀ ਵੀ ਸਿਲਵਰ ਜੁਬਲੀ ਹੀ ਹੈ।



Sri Satguru Jagjit Singh Ji eLibrary NamdhariElibrary@gmail.com




















# ਵਰਿਆਮ ਦਾ ਸਫ਼ਰ

## ੧੯੭੫ ਤੋਂ ੨੦੦੦











# ਵਰਿਆਮ ਦਾ ਸਫ਼ਰ




Sri Satguru Jagjit Singh Ji eLibrary NamdhariElibrary@gmail.com

੧੯੭੫ ਤੋਂ ੨੦੦੦

# ਵਰਿਆਮ ਦਾ ਸਫ਼ਰ




Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦਾ ਸਫ਼ਰ




੧੯੭੫ ਤੋਂ ੨੦੦੦

Sri Satguru Jagjit Singh Ji eLibrary NamdhariElibrary@gmail.com

# "ਤੇਰਾ ਕੀਤਾ ਜਾਤੋ ਨਾਹੀ"

—ਤਰਲੋਕ ਮਨਸੂਰ

ਤਾਰਾ ਸਿੰਘ ਕਾਮਲ ਦੀ ਇਕ ਕਵਿਤਾ ਦਾ ਸ਼ੇਅਰ ਹਾਜ਼ਰ ਹੈ—

ਪਿਆਰ ਦੀ ਬੇਰੁਖੀ, ਬੇ-ਵਫ਼ਾਈ ਤੇਰੀ,
ਕੋਸੇ ਕੋਸੇ ਜਹੇ, ਝੂਠੇ ਲਾਰੇ ਜਹੇ।
ਯਾਦ ਆਈਆਂ ਸਭੇ ਬਖਸ਼ਿਸ਼ਾਂ ਤੇਰੀਆਂ,
ਹੋ ਗਏ ਨੇ ਮੇਰੇ ਨੈਣ ਭਾਰੇ ਜਹੇ।

ਇਹ ਸ਼ੇਅਰ ਮੇਰੇ ਅਚੇਤਨ ਵਿਚ ਕਿਤੇ ਖੁਣਿਆ ਗਿਆ ਹੋਇਆ ਹੈ। ਅਕਾਰਣ ਹੀ ਕਿਸੇ ਕਿਸੇ ਦਿਨ ਇਹ ਚੇਤੇ 'ਚੋਂ ਸਿਰ ਉਤਾਂਹ ਚੁੱਕਦਾ ਹੈ, ਤੇ ਮੇਰੇ ਨੈਣ ਭਾਰੇ ਜਹੇ ਹੋ ਜਾਂਦੇ ਹਨ। ਅਤੀਤ ਵਿਚ ਗੁਆਚ ਜਾਂਦਾ ਹਾਂ। ਜਿਨ੍ਹਾਂ ਲੋਕਾਂ ਨਾਲ ਜ਼ਿੰਦਗੀ ਦੇ ਕੁਝ ਪਲ ਗੁਜ਼ਾਰੇ, ਜਿਨ੍ਹਾਂ ਦੀ ਨੇੜਤਾ, ਮੋਹ ਮਾਣਿਆ ਤੇ ਫਿਰ ਉਹ ਵਿਛੜ ਗਏ, ਉਨ੍ਹਾਂ ਦੀ ਯਾਦ ਮਨ ਨੂੰ ਉਦਾਸੀਨਤਾ ਨਾਲ ਭਰ ਦੇਂਦੀ ਹੈ, ਤੇ ਨੈਣ ਭਾਰੇ ਹੋ ਜਾਂਦੇ ਹਨ। ਤ੍ਰਿਪ ਤ੍ਰਿਪ ਚੋਅ ਪੈਂਦੇ ਹਨ।

..... ਤੇ ਅੱਜ ਫਿਰ ਕੱਥੂ ਘੁਮਿਆਰ ਦੀ ਯਾਦ ਆਈ ਹੈ—

ਬਾਲੜੀ ਉਮਰ ਸੀ ਮੇਰੀ। ਵੱਧ ਤੋਂ ਵੱਧ ਤਿਨਾਂ ਚਹੁੰ ਸਾਲਾਂ ਦਾ ਹੋਵਾਂਗਾ। ਸਾਡੇ ਘਰ ਦੇ ਬਾਹਰਲੇ ਬੂਹੇ ਦੇ ਬਾਹਰਵਾਰ ਥੜ੍ਹਾ ਜਿਹਾ ਬਣਿਆ ਹੋਇਆ ਸੀ। ਜਿਸ ਦੇ ਨਾਲ ਹੀ ਅੱਗੋਂ ਦੀ ਗਲੀ ਲੰਘਦੀ ਸੀ। ਉਸ ਥੜ੍ਹੇ ਉਤੇ ਇਕ ਸਵੇਰ ਮੈਂ ਖਲੋਤਾ ਹੋਇਆ ਸਾਂ। ਪੈਰਾਂ ਤੋਂ ਨੰਗਾ, ਤੇੜੋਂ ਵੀ ਨੰਗਾ, ਗਲ ਖੱਦਰ ਦਾ ਕੁੜਤਾ, ਸਿਰ ਤੇ ਨਿੱਕਾ ਜਿਹਾ ਜੂੜਾ ਤੇ ਖਿਲਰੀਆਂ ਜਲੂਣੀਆਂ।

ਗਲੀਏ-ਗਲੀਏ ਟੁਰਿਆ ਆਉਂਦਾ ਇਕ ਬੰਦਾ, ਜਿਸ ਦੇ ਸਿਰ ਤੇ ਟੋਕਰਾ ਚੁਕਿਆ ਹੋਇਆ ਸੀ, ਥੜ੍ਹੇ ਤੇ ਆਣ ਚੜ੍ਹਿਆ। ਦੋਹਾਂ ਹੱਥਾਂ ਨਾਲ ਬੜਾ ਸੰਭਾਲ ਕੇ ਉਸ ਨੇ ਟੋਕਰਾ ਲਾਹ ਕੇ ਥੱਲੇ ਰੱਖ ਦਿੱਤਾ। ਫਿਰ ਉਸ ਅੰਦਰ ਅਵਾਜ਼ ਦਿੱਤੀ—'ਚਾਚੀ ਕੋਈ ਘੜਾ ਚਾਟੀ ਲੈਣੀ ਜੇ ਤਾਂ ਲੈ ਲਓ।'

ਫਿਰ ਉਸ ਇਕ ਦੋ ਭਾਂਡੇ ਕੱਢ ਕੇ ਬਾਹਰ ਰੱਖ ਦਿੱਤੇ। ਥੱਲੇ ਕਿੰਨੇ ਸਾਰੇ ਘੁੱਗੂ ਘੋੜੇ ਪਏ ਹੋਏ ਸਨ। ਉਸ ਇਕ ਘੁੱਗੂ ਹੱਥ 'ਚ ਫੜ ਕੇ ਆਪਣੇ ਹੋਠਾਂ ਨਾਲ ਛੁਹਾਇਆ, ਫੂਕ ਮਾਰੀ ਤੇ ਇਕ ਸੰਗੀਤਮਈ ਸੁਰ ਹਵਾ 'ਚ ਫੈਲ ਗਈ— ਘੁੱਗੂ ਕੂ... ਘੁਗੂ... ਕੂ...।

'...ਲੈ'

ਉਸ ਨੇ ਉਹ ਘੁੱਗੂ ਮੇਰੇ ਹੱਥ ਫੜਾ ਦਿੱਤਾ, ਤੇ ਬੜੇ ਹੀ ਮੋਹ ਨਾਲ ਮੇਰੇ ਵੱਲ ਵੇਖਿਆ, ਮੁਸਕਾਇਆ ਤੇ ਪੁਛਿਆ, 'ਕੀ ਨਾਂਅ ਉਹ ਤੇਰਾ ?'

ਨਾਂਅ ਦੱਸਣ ਦੀ ਥਾਂ ਮੈਂ ਸ਼ਰਮਾਕੇ ਬਾਹਰ ਆ ਚੁੱਕੀ ਆਪਣੀ ਦਾਦੀ ਦੀਆਂ ਲੜਾਂ ਨੂੰ ਜੱਫੀ ਪਾ ਲਈ ਸੀ, ਤੇ ਉਸ ਵੱਲ ਧਿਆਨ ਨਾਲ ਵੇਖਿਆ। ਉਹ ਛੋਟੇ ਕੱਦ ਦਾ, ਕੈਂਚੀ ਨਾਲ ਕੁਤਰੀ ਦਾੜ੍ਹੀ ਮੁੱਛਾਂ, ਤੇ ਸਾਂਵਲੇ ਜਹੇ ਰੰਗ ਦਾ, ਹਸੂੰ ਹਸੂੰ ਕਰਦੇ ਮੂੰਹ ਨਾਲ ਅਜੇ ਵੀ ਮੇਰੇ ਵੱਲ ਵੇਖ ਰਿਹਾ ਸੀ। ਮੇਰੀ ਦਾਦੀ ਨੇ ਅੰਦਰੋਂ ਥਾਲੀ ਭਰ ਕੇ ਲਿਆਂਦੀ ਕਣਕ ਉਹਦੀ ਚਾਦਰ ਦੇ ਪੱਲੇ ਵਿਚ ਲੁੱਦ ਦਿੱਤੀ, ਇਕ ਚਾਟੀ ਤੇ ਇਹ ਬਲ੍ਹਨਾ ਪਸੰਦ ਕਰਕੇ ਲਾਂਭੇ ਰੱਖ ਲਿਆ, ਤੇ ਬੋਲੀ—"ਵੇ ਕੱਥੂ ਐਦਕਾਂ ਸੁਰਾਹੀਆਂ ਨਹੀਓਂ ਬਨਾਈਆਂ ? ਕਿੰਨੀ ਗਰਮੀ ਵਧ ਗਈ ਏ?"

"ਚਾਚੀ ਬਨਾਈਆਂ ਕਿਉਂ ਨਹੀਂ, ਆਵੀ ਚਾੜ੍ਹੀ ਹੋਈ ਏ.... ਪਰਸੋਂ ਨੂੰ ਲੈ ਸੁਰਾਹੀ।"

ਝੂੰਗੇ ਵਿਚ ਉਸ ਮੈਨੂੰ ਦੋ ਘੋੜੇ ਦਿੱਤੇ। ਮਿੱਟੀ ਨਾਲ ਬਣੇ ਤੇ ਆਵੀ 'ਚ ਪਕਾਏ ਹੋਏ ਸੁੰਦਰ ਖਿਡੌਣੇ। ਟੋਕਰਾ ਸਿਰ ਤੇ ਧਰਿਆ ਤੇ ਗਲੀਏ ਪੈ ਗਿਆ।

ਦਿਨ ਬੀਤੇ, ਮਹੀਨੇ ਲੰਘੇ ਸਾਲ ਵਧਦੇ ਰਹੇ। ਮੈਂ ਉਤਾਂਹ ਹੋਂਦਾ ਗਿਆ। ਸਕੂਲੇ ਪੜ੍ਹਨੇ ਪਿਆ ਤੇ ਫਿਰ ਹਾਣੀਆਂ ਨਾਲ ਰਲਕੇ ਖੇਡਣ ਲੱਗਾ। ਸਾਡੇ ਘਰ ਅੱਗੋਂ ਲੰਘਦੀ ਗਲੀ ਜਿਥੇ ਖਤਮ ਹੋਂਦੀ ਸੀ. ਉਥੇ ਕੱਥੂ ਘੁਮਿਆਰ ਦਾ ਘਰ ਸੀ। ਪਿਛੇ ਕੱਚੀਆਂ ਕੰਧਾਂ ਦਾ ਇਕ ਕੋਠਾ ਤੇ ਸਾਹਮਣੇ ਇਕ ਵਲਗਣ ਕੱਚੀ ਕੰਧ ਦੀ। ਉਚਾਈ ਇਹੀ ਕੋਈ ਚਾਰ ਫੁੱਟ ਹੋਵੇਗੀ। ਵਿਹੜੇ ਵਿਚ ਕੰਧ ਦੇ ਨਾਲ ਲਾ ਕੇ ਰੱਖੇ ਪਕਾਏ ਹੋਏ, ਘੜੇ, ਚਾਟੀਆਂ, ਬੱਠਲ, ਕੁਨਾਲੀਆਂ, ਕੁੱਜੇ ਕੁੱਜੀਆਂ ਤੇ ਚੱਪਣੀਆਂ ਆਦਿ ਪਏ ਹੋਂਦੇ। ਇਸ ਵਲਗਣ ਦੇ ਬਾਹਰਵਾਰ ਬੋਹੜੀ ਦਾ ਰੁੱਖ ਸੀ, ਜਿਸ ਨੂੰ ਪਤਾ ਨਹੀਂ ਕਿਉਂ ਪੱਕੀ ਬੋਹੜੀ ਕਿਹਾ ਜਾਂਦਾ ਸੀ। ਅਸੀਂ ਇਸ ਬੋਹੜੀ ਹੇਠ ਬਾਂਟੇ ਫੁੰਡਣਾ ਤੇ ਅਖਰੋਟ ਖੁੱਤੀ ਪਾਣ ਦੀਆਂ ਖੇਡਾਂ ਖੇਡਦੇ ਰਹਿੰਦੇ ਸਾਂ। ਕੱਥੂ ਘੁਮਿਆਰ ਨੂੰ ਅਸੀਂ ਸਾਰੇ ਕੱਥੂ ਚਾਚਾ ਆਹਦੇ ਸਾਂ। ਕੱਥੂ ਦੀ ਤੀਵੀਂ ਬੜੀ ਸੋਹਣੀ ਤੇ ਉੱਚੀ ਲੰਮੀ ਸੀ। ਉਹਨਾਂ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਹ ਦੋਵੇਂ ਸਾਨੂੰ ਰੱਜਵਾਂ ਪਿਆਰ ਕਰਦੇ ਤੇ ਸਮੇਂ ਸਮੇਂ ਜਦੋਂ ਵੀ ਆਵੀ ਪੱਕਦੀ, ਤਾਜ਼ਾ ਪੱਕੇ ਘੁੱਗੂ ਘੋੜੇ ਸਾਨੂੰ ਬਿਨਾਂ ਮੁੱਲ ਤੋਂ ਦੇਂਦੇ ਸਨ। ਘੜੀ ਵੇਹਲ ਮਿਲੀ ਤੇ, ਚਾਚਾ ਕੱਥੂ ਸਾਡੇ ਨਾਲ ਅਖਰੋਟ ਖੁੱਤੀ ਪਾਣ ਦੀ ਖੇਡ ਵਿਚ ਵੀ ਸ਼ਾਮਲ ਹੋ ਜਾਂਦਾ ਸੀ।

ਕੁਝ ਵਰ੍ਹੇ ਹੋਰ ਲੰਘੇ, ਤੇ ਅਸਾਂ ਪੱਕੀ ਬੋਹੜੀ ਦੀ ਛਾਂ



Sri Satguru Jagjit Singh Ji eLibrary NamdhariElibrary@gmail.com

ਛੱਡ ਕੇ ਫਿਰਨੀ ਤੋਂ ਪਾਰ ਬਣੇ 'ਦਾਇਰੇ' ਦਾ ਥੜ੍ਹਾ ਜਾ ਮੱਲਿਆ।

ਪੱਕੀ ਬੋਹੜੀ ਤੋਂ ਮਸਾਂ ਵੀਹ ਕਦਮਾਂ ਦੀ ਵਿੱਥ ਤੇ ਦੋ ਵੱਡ-ਅਕਾਰੇ ਬੋਹੜਾਂ ਥੱਲੇ ਉੱਚਾ ਥੜ੍ਹਾ ਕਿਸੇ ਵਕਤ ਮਿੱਟੀ ਦੀ ਭਰਤੀ ਕਰਕੇ ਬਨਾਇਆ ਗਿਆ ਹੋਵੇਗਾ, ਇਸ ਨੂੰ 'ਦਾਇਰਾ' ਜਾਂ 'ਦਾਰਾ' ਆਖਦੇ ਸਨ। ਦੁਪਹਿਰਾ ਕੱਟਣ ਲਈ ਪਿੰਡ ਦੇ ਵਿਹਲੜ ਬੰਦੇ ਆਪੋ ਆਪਣੇ ਘਰਾਂ ਤੋਂ ਚਟਾਈਆਂ ਦਰੀਆਂ ਲੈ ਕੇ ਏਥੇ ਆਣ ਜੁੜਦੇ ਸਨ। ਇਕ ਪਾਸੇ ਤਾਇਆ ਉਜਾਗਰ ਸਿੰਘ ਦੀ ਢਾਣੀ ਚੌਂਪੜ ਦੀਆਂ ਨਰਦਾਂ ਨੂੰ ਅੱਗੇ ਪਿੱਛੇ ਕਰ ਰਹੀ ਹੋਂਦੀ। ਉਹਨਾਂ ਤੋਂ ਰਤਾ ਹਟਵੀਂ ਥਾਂ ਤੇ ਚਾਚਾ ਸੁੱਚਾ ਸਿੰਘ ਐਂਡ ਪਾਰਟੀ ਤਾਸ਼ ਦੀ ਬਾਜ਼ੀ ਲਾਂਦੇ। ਹਾਰਨ ਜਿੱਤਣ ਤੇ ਉੱਚੀ ਉੱਚੀ ਟਾਹਰਾਂ ਮਾਰਦੇ, ਰੌਲਾ-ਰੱਪਾ ਪਾਉਂਦੇ ਸਨ। ਗਰਮੀ ਦੇ ਝੁਲਸਾਏ ਪੰਛੀ—ਕਾਂ, ਗੁਟਾਰਾਂ ਤੇ ਤਿਲੀਅਰ ਆਦਿ ਵੀ ਬੋਹੜਾਂ ਦੀਆਂ ਟਾਹਣੀਆਂ ਵਿਚ ਆਣ ਪਨਾਹ ਲੈਂਦੇ। ਜਦੋਂ ਇਹਨਾਂ ਜਨੌਰਾਂ ਵਿਚੋਂ ਕਿਸੇ ਇਕ ਦੀ ਵਿੱਠ ਖੇਡ ਰਹੇ ਬੰਦਿਆਂ ਵਿਚੋਂ ਕਿਸੇ ਇਕ ਦੀ ਧੌਣ ਜਾਂ ਬਾਂਹ ਤੇ ਆਣ ਪੈਂਦੀ, ਤਾਂ ਉਸ ਵਲੋਂ ਤੇਰੀ ਮਾਂ ਦੀ, ਤੇਰੀ ਧੀ ਦੀ ਆਦਿ ਗਾਲ੍ਹਾਂ ਸਮੇਤ ਢੇਮਾਂ ਵੱਟੇ ਉਤਾਂਹ ਵੱਲ ਸੁੱਟ ਕੇ ਆਰਾਮ ਕਰ ਰਹੇ ਪੰਛੀਆਂ ਨੂੰ ਉਡਾਣ ਦੇ ਨਿਸਫਲ ਜਤਨ ਕੀਤੇ ਜਾਂਦੇ। ਇਸ ਥੜ੍ਹੇ ਦੇ ਇਕ ਸਿਰੇ ਤੇ ਹੀ ਚਾਚੇ ਕੱਥੂ ਨੇ ਆਪਣਾ ਭਾਂਡੇ ਬਨਾਣ ਵਾਲਾ ਕਾਰਖਾਨਾ ਯਾਨੀ ਚੱਕ ਲਾਇਆ ਹੋਇਆ ਸੀ। ਤਿੰਨ, ਸਾਢੇ ਤਿੰਨ ਫੁੱਟ ਡੂੰਘਾ ਖੱਡਾ ਸੀ। ਵਿਚ ਦੋ ਪੁੜਾਂ ਵਾਲਾ ਚੱਕ ਫਿਟ ਕੀਤਾ ਹੋਇਆ ਸੀ। ਚਾਚਾ ਕੱਥੂ ਇਸ ਖੱਡੇ ਦੇ ਕਿਨਾਰੇ ਲੱਤਾਂ ਟੋਏ ਵਿਚ ਲਮਕਾ ਕੇ ਬੈਠਦਾ ਸੀ। ਉਹ ਪੈਰਾਂ ਨਾਲ ਹੇਠਲੇ ਚੱਕੇ ਨੂੰ ਗੁਲਾਈ ਵਿਚ ਚਾਲ ਦੇਂਦਾ, ਜਿਸ ਨਾਲ ਉਤਲਾ ਚੱਕਾ ਵੀ ਗੁਲਾਈ ਵਿਚ ਚਾਲ ਫੜ ਲੈਂਦਾ। ਚਾਚੀ ਰਹਿਮਤੇ, ਨੇੜੇ ਲੱਗੇ ਗੋਅ ਕੇ ਚੀਕਨੀ ਮਿੱਟੀ ਦੇ ਲਾਏ ਢੇਰ ਵਿਚੋਂ ਇਕ ਖਾਸ ਮਿਕਦਾਰ ਦੇ ਮਿੱਟੀ ਦੇ ਗੋਲੇ ਜਹੇ ਥੱਪ ਥੱਪ ਆਪਣੇ ਖਾਵੰਦ ਨੂੰ ਫੜਾਈ ਜਾਂਦੀ। ਚਾਚਾ ਕੱਥੂ ਇਹ ਮਿੱਟੀ ਦਾ ਛੋਟਾ ਥੋਬਾ ਚਲਦੇ ਚੱਕ ਉਤੇ ਰੱਖਦਾ, ਕੋਲ ਪਏ ਪਾਣੀ ਦੇ ਬੱਠਲ ਵਿਚੋਂ ਪਾਣੀ ਦੀ ਚੂਲੀ ਭਰਦਾ, ਤੇ ਆਪਣੇ ਨਿੱਕੇ ਨਿੱਕੇ ਹੱਥਾਂ ਦੀ ਨਾਜ਼ੁਕ ਜਹੀ ਛੋਹ ਨਾਲ ਤਰ੍ਹਾਂ ਤਰ੍ਹਾਂ ਦੇ ਭਾਂਡੇ ਇਕੋ ਅਕਾਰ ਦੇ, ਇਕੋ ਸ਼ਕਲ ਦੇ ਲਾਹ ਲਾਹ ਲਾਂਭੇ ਧਰੀ ਜਾਂਦਾ। ਚਾਚੀ ਰਹਿਮਤੇ ਇਹਨਾਂ ਭਾਂਡਿਆਂ ਨੂੰ ਕਮਾਲ ਦੀ ਪ੍ਰਬੀਨਤਾ ਨਾਲ ਪੋਲੇ ਜਹੇ ਹੱਥੀਂ ਚੁੱਕ ਚੁੱਕ ਪਰੇ ਧੁੱਪੇ ਸੁਕਣੇ ਪਾਈ ਜਾਂਦੀ। ਮੈਂ ਕਿੰਨਾ ਕਿੰਨਾ ਚਿਰ ਚਾਚੇ ਕੱਥੂ ਦੇ ਕੋਲ ਬੈਠਾ ਉਹਦੀ ਕਲਾਕਾਰੀ ਨੂੰ ਵੇਖ ਵੇਖ ਹੈਰਾਨ ਹੋਂਦਾ ਰਹਿੰਦਾ ਸਾਂ।

ਅੱਜ ਮੈਂ ਸੋਚਦਾ ਹਾਂ ਕਿ ਮੇਰੇ ਅੰਦਰ ਇਹ ਜੋ ਸੁੰਦਰਤਾ ਲਈ ਭੁੱਖ ਦਾ ਵਾਸ ਹੈ, ਇਸ ਦਾ ਮੁੱਢ ਤਾਂ ਸ਼ਾਇਦ ਚਾਚੇ ਕੱਥੂ ਨੇ ਹੀ ਬੰਨ੍ਹਿਆਂ ਹੋਵੇ ? ਕਮਾਲ ਨਹੀਂ ਕਿ ਬਿਨਾਂ ਕਿਸੇ ਡਾਈ ਦੇ, ਬਗੈਰ ਸੱਚੇ ਦੇ ਇਕ ਸਾਈਜ਼ ਦੇ ਇਕੋ ਜਹੇ ਘੜੇ, ਚਾਟੀਆਂ, ਬਲ੍ਹਨੇ ਆਦਿ ਬਨਾਈ ਜਾਂਦਾ ਸੀ। ਮੁਹਾਰਤ ਹੋਰ ਕੀ ਹੋਂਦੀ ਏ ?

ਇਸ ਦਾਇਰੇ ਉਤੇ ਕਦੇ ਕਦੇ ਰਾਸਧਾਰੀਏ ਆ ਜਾਂਦੇ ਸਨ, ਜੋ ਸਾਰੀ ਸਾਰੀ ਰਾਤ ਨੱਚਦੇ ਗਾਉਂਦੇ ਤੇ ਪਿੰਡ ਵਾਸੀਆਂ ਦੀ ਸਭਿਆਚਾਰਕ ਭੁੱਖ ਨੂੰ ਤ੍ਰਿਪਤ ਕਰਦੇ ਸਨ। ਦਿਨ ਵੇਲੇ ਕਦੇ ਕਦੇ ਫਿਰਦੇ ਤੁਰਦੇ ਭੰਡ ਆ ਜਾਂਦੇ ਤੇ ਇਕੱਠੇ ਹੋਏ ਲੋਕਾਂ ਦਾ ਦਿਲ ਬਹਿਲਾ ਜਾਂਦੇ ਸਨ। ਪਰ ਇਹ ਕਦੇ ਕਦੇ ਦਾ ਵਰਤਾਰਾ ਹੀ ਸੀ। ਆਮ ਤੌਰ ਤੇ, ਹੱਸਣ ਖੇਡਣ ਦਾ ਸਾਧਨ ਚਾਚਾ ਕੱਥੂ ਤੇ ਚਾਚੀ ਰਹਿਮਤੇ ਵਿਚਕਾਰ ਛਿੜਿਆ ਵਾਰਤਾਲਾਪ, ਉਹਨਾਂ ਵਲੋਂ ਵਰਤੇ ਜਾਂਦੇ ਤੇਜ਼ ਤਰਾਰ ਬੋਲ ਤੇ ਇਕ ਦੂਜੇ ਨਾਲ ਛੇੜ-ਛਾੜ ਹੀ ਬਣਦਾ ਸੀ। ਦੋਵੇਂ ਜੀਅ ਬੜੇ ਹੱਸਮੁਖ ਤੇ ਮਖੌਲੀਏ ਸੁਭਾਅ ਦੇ ਸਨ। ਇੰਜ ਸਾਰੀ ਸਾਰੀ ਦੁਪਹਿਰ ਉਹ ਨਾਲੇ ਕੰਮ ਕਰਦੇ ਹੋਏ ਆਪ ਵੀ ਹੱਸ ਖੇਡ ਕੇ ਸਮਾਂ ਬਤੀਤ ਕਰਦੇ ਸਨ ਤੇ ਨਾਲ ਹੀ ਵਿਹਲੜ ਢਾਣੀ ਦਾ ਜੀਅ ਪਰਚਾਈ ਰੱਖਦੇ ਸਨ। ਛੜਿਆਂ 'ਚੋਂ ਜਦੋਂ ਵੀ ਕੋਈ ਅਸ਼ਲੀਲਤਾ ਦੀ ਭਾਹ ਮਾਰਦੀ ਗੱਲ ਕਰਦਾ ਤਾਂ ਚਾਚੀ ਰਹਿਮਤੇ ਐਸਾ ਕਰਾਰਾ ਜਵਾਬ ਦੇਂਦੀ ਕਿ ਬਹਿ ਜਾ ਬਹਿ ਜਾ ਹੋ ਜਾਂਦੀ।

ਇੰਜ ਬੀਤ ਰਹੇ ਸਨ ਦਿਨ, ਕਿ ਸੰਨ ੧੯੪੭ ਆ ਗਿਆ। ਕਾਲੇ ਤੇ ਭਿਆਨਕ ਦਿਨਾਂ ਦਾ ਦਹਿਸ਼ਤ ਭਰਿਆ ਮੌਸਮ—ਚਾਰ ਚੁਫੇਰੇ ਵੱਢ-ਟੁੱਕ, ਅੱਗਾਂ ਦੇ ਭਾਂਬੜ, ਬਲਾਤਕਾਰ, ਉਧਾਲੇ ਤੇ ਚੀਕਾਂ ਤਰਲਿਆਂ ਦਾ ਮਾਹੌਲ। ਚਾਰ ਚੁਫੇਰਾ ਧੁਆਂਖਿਆ ਗਿਆ। ਇਨਸਾਨੀਅਤ ਮਰ ਗਈ। ਹੈਵਾਨੀਅਤ ਦਾ ਬੋਲ-ਬਾਲਾ ਹੋ ਗਿਆ। ਇਹੋ ਜਿਹੀ ਇਕ ਕੁਲਹਿਣੀ ਸਵੇਰ, ਨਾਲ ਦੇ ਪਿੰਡਾਂ ਤੋਂ ਉੱਠੀ ਵਾਹਰ ਨੇ ਸਾਡੇ ਪਿੰਡ ਨੂੰ ਵੀ ਆਣ ਘੇਰਿਆ। 'ਬੋਲੇ ਸੋ ਨਿਹਾਲ' ਦੇ ਪਵਿੱਤਰ ਜੈਕਾਰੇ ਤੇ ਘੱਪ ਘੱਪ ਚਲਦੀਆਂ ਬਰਛੀਆਂ ਬਲਮਾਂ। ਇਹ ਹੈਵਾਨੀ ਭਰੀਆਂ ਕਰਤੂਤਾਂ ਨੂੰ ਆਖਿਰ ਆਦਮੀ ਰੱਬ ਦੇ ਨਾਂਅ ਹੀ ਕਿਉਂ ਮੜ੍ਹਦਾ ਹੈ ?

ਜਦੋਂ ਹਨੇਰੀ ਲੰਘ ਗਈ। ਮੈਂ ਬਾਹਰ ਆਇਆ, ਗਲੀਏ ਗਲੀਏ ਟੁਰਦਾ ਸਹਿਮਿਆ ਤ੍ਰਭਕਿਆ ਚਾਚੇ ਕੱਥੂ ਦੇ ਵੇਹੜੇ ਜਾ ਵੜਿਆ। ਚਾਚੀ ਰਹਿਮਤੇ ਸ਼ਾਇਦ ਉਧਾਲੀ ਜਾ ਚੁੱਕੀ ਸੀ। ਚਾਚਾ ਕੱਥੂ ਲਹੂ ਭਰੀ ਛਪੜੀ ਵਿਚ ਅਹਿਲ ਪਿਆ ਸੀ ਮਰਿਆ ਹੋਇਆ। ਉਸ ਦੇ ਦੋਵੇਂ ਹੱਥ ਕੱਟੇ ਪਏ ਸਨ। ਅੱਖਾਂ ਖੁੱਲ੍ਹੀਆਂ ਸਨ। ਭੈਅ ਭਰੇ ਆਨਿਆਂ ਵਿਚ ਇਕ ਯਾਚਨਾ, ਇਕ ਪ੍ਰਸ਼ਨ ਜੰਮ ਕੇ ਰਹਿ ਗਿਆ ਹੋਇਆ ਸੀ। ਜਿਵੇਂ ਚਾਚਾ ਕੱਥੂ ਪੁੱਛ ਰਿਹਾ ਹੋਵੇ—ਓਏ ਸਰਦਾਰੋ, ਮੈਂ ਤਾਂ ਸਾਰੀ ਉਮਰ ਤੁਹਾਡੇ ਲਈ ਘੜੇ ਚਾਟੀਆਂ, ਘੜਦਾ ਬਣਾਉਂਦਾ ਰਿਹਾ ਹਾਂ, ਤੇ ਤੁਸੀਂ ਮੈਨੂੰ ਵੀ ........ ?

—੧੬੦ ਫੈਕਟਰੀ ਏਰੀਆ
ਗੋਇੰਦਵਾਲ ਸਾਹਿਬ-੧੪੩੪੨੩, ਫੋਨ-੦੧੮੫੯-੨੨੩੧੮



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



**12-Bore GUNS**

**Free India Gun Manufacturers**

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS




Sri Satguru Jagjit Singh Ji eLibrary NamdhariElibrary@gmail.com

# ਕਰੋੜਪਤੀ

*—ਪਿਆਰਾ ਸਿੰਘ ਦਾਤਾ*

ਤੋਤਾ ਰਾਮ, ਜੋਤੀ ਪ੍ਰਸ਼ਾਦ ਤ੍ਰਿਵੇਦੀ ਦਾ ਪੁੱਤਰ ਸੀ। ਪਿੰਡ ਵਿਚ ਟੁੱਟਾ ਫੁੱਟਾ ਮਕਾਨ ਉਸ ਦੇ ਪਿਓ ਦਾਦੇ ਦੀ ਛੱਡੀ ਹੋਈ ਮੌਰੂਸੀ ਜਾਇਦਾਦ ਸੀ। ਮਸੀਤੀਂ ਪੜ੍ਹਿਆ ਹੋਇਆ ਉਹ ਛੇਵੀਂ ਪਾਸ ਤੇ ਸੱਤਵੀਂ 'ਚੋਂ ਮਾਂ ਨੇ ਛੁਡਾ ਲਿਆ ਸੀ। ਘਰ ਅੰਤਾਂ ਦੀ ਗਰੀਬੀ ਸੀ। ਮਿਹਨਤ ਮਜ਼ਦੂਰੀ ਕਰਦੀ ਉਸ ਦੀ ਮਾਂ ਲੱਛੋ ਬੱਚਿਆਂ ਦਾ ਮਸਾਂ ਮਸਾਂ ਪੇਟ ਭਰਦੀ ਸੀ। ਉਸ ਦਾ ਪਿਓ ਜੋਤੀ ਰਾਮ, ਵਿਹਲੜ ਸੀ। ਸਦਾ ਅਫ਼ੀਮ ਦੇ ਨਸ਼ੇ ਵਿਚ ਗੜੁੱਚ। ਘਰੋਂ ਰੋਟੀ ਰੁੱਖੀ ਮਿੱਸੀ ਖਾ ਕੇ ਤੇ ਅਫ਼ੀਮ ਦਾ ਨਸ਼ਾ ਕਰਕੇ ਮਾੜੂ ਰਾਮ ਦੇ ਅਹਾਤੇ ਵਿਚ ਅਫ਼ੀਮਚੀਆਂ ਦੀ ਢਾਣੀ ਵਿਚ ਬੈਠਾ ਢਾਕੇ ਬੰਗਾਲੇ ਦੀਆਂ ਗੱਪਾਂ ਮਾਰਦਾ ਰਹਿੰਦਾ ਸੀ।

ਤੋਤਾ ਰਾਮ ਸੱਤਵੀਂ ਤੀਕ ਪੜ੍ਹਿਆ ਲਿਖਿਆ ਹੋਣ ਕਾਰਣ ਬਾਬੂ ਰਾਮ ਆੜ੍ਹਤੀਏ ਦੀ ਦੁਕਾਨ ਤੇ ਮੁਨੀਮ ਲੱਗ ਗਿਆ। ਇਹ ਉਸ ਸਮੇਂ ਦੀ ਗੱਲ ਹੈ, ਜਦੋਂ ਇਕ ਰੁਪਏ ਦਾ ਇਕ ਮਣ ਆਟਾ ਮਿਲਦਾ ਸੀ। ਦੁੱਧ ਇਕ ਆਨੇ ਸੇਰ ਤੇ ਅੰਡੇ ਇਕ ਆਨੇ ਦੇ ਛੇ। ਲੱਸੀ ਤੇ ਦਾਲ ਸਬਜ਼ੀ ਆਂਢ ਗੁਆਂਢ ਦੇ ਘਰਾਂ 'ਚੋਂ ਮੁਫਤ ਮਿਲ ਜਾਂਦੀ ਸੀ। ਪਿੰਡਾਂ ਵਿਚ ਦੁੱਧ ਕੋਈ ਵੇਚਦਾ ਨਹੀਂ ਸੀ। ਉਸ ਸਸਤਭਾਈ ਦੇ ਜ਼ਮਾਨੇ ਵਿਚ ਤੋਤਾ ਰਾਮ ਦੀ ਤਨਖਾਹ ੧੫ ਰੁਪਿਆ ਮਹੀਨਾ ਸੀ। ਕੁਝ ਮਹੀਨਿਆਂ ਵਿਚ ਹੀ ਘਰ ਵਿਚ ਲਹਿਰ ਬਹਿਰ ਹੋ ਗਈ। ਲਛਮੀ ਨੇ ਲੋਕਾਂ ਦੇ ਭਾਂਡੇ ਮਾਂਜਣੇ ਛੱਡ ਦਿੱਤੇ। ਛੇ ਕੁ ਮਹੀਨਿਆਂ ਵਿਚ ਤੋਤਾ ਰਾਮ, ਬਾਬੂ ਰਾਮ ਆੜ੍ਹਤੀਏ ਦਾ ਮਨਜ਼ੂਰੇ-ਨਜ਼ਰ ਬਣ ਗਿਆ। ਮੁੰਡਾ ਸਿਆਣਾ ਨੇਕ, ਸ਼ਰੀਫ ਤੇ ਮਿੱਠ-ਬੋਲੜਾ ਸੀ। ਸੋ ਪਿੰਡ ਦੇ ਸਾਰੇ ਬੰਦੇ ਉਸਦਾ ਆਦਰ ਮਾਣ ਕਰਨ ਲੱਗ ਪਏ। ਬਾਬੂ ਰਾਮ ਨੇ ਉਸ ਨੂੰ ਪੰਜ ਸੇਰ ਇਕ ਡੰਗ ਦਾ ਦੁੱਧ ਦੇਣ ਵਾਲੀ ਲਵੇਰੀ ਗਊ ਤੀਹ ਰੁਪਿਆਂ ਵਿਚ ਲੈ ਦਿੱਤੀ ਸੀ। ਤੀਹ ਰੁਪਏ ਵੀ ਨਕਦ ਨਹੀਂ, ਦੋ ਰੁਪਏ ਮਹੀਨੇ ਦੀਆਂ ਕਿਸ਼ਤਾਂ ਤੇ। ਸੋ ਹੁਣ ਘਰ ਵਿਚ ਦੁੱਧ, ਲੱਸੀ, ਘਿਓ, ਮੱਖਣ ਦੀ ਔੜ ਨਾ ਰਹੀ।

ਤੋਤਾ ਰਾਮ ਦੇ ਘਰ, ਬੁੱਧਵਾਰ ਦੇ ਸ਼ੁਭ ਦਿਨ ਬੇਟੇ ਨੇ ਜਨਮ ਲਿਆ। ਤੋਤਾ ਰਾਮ ਨੇ ਆਪਣੇ ਪੁੱਤਰ ਦਾ ਨਾਂ ਬੁੱਧ ਪ੍ਰਕਾਸ਼ ਰੱਖਿਆ। ਉਸ ਦੀ ਘਰ ਵਾਲੀ ਨੇ ਬੁੱਧ ਦੇ ਜਨਮ ਦੀ ਖੁਸ਼ੀ ਵਿਚ ਸਾਰੇ ਪਿੰਡ ਵਿਚ ਲੱਡੂ ਵੰਡੇ।

ਬੁੱਧ ਪ੍ਰਕਾਸ਼ ਵੱਡਾ ਹੁੰਦਾ ਗਿਆ। ਪਿੰਡ ਦੇ ਸਕੂਲ ਚੋਂ ਪ੍ਰਾਇਮਰੀ ਕਰਕੇ ਨਾਲ ਦੇ ਕਸਬੇ ਤੋਂ ਦਸਵੀਂ ਕਰ ਲਈ। ਅਗਲੇਰੀ ਪੜ੍ਹਾਈ ਲਈ ਸ਼ਹਿਰ ਚਲਾ ਗਿਆ। ਬੁੱਧ ਪ੍ਰਕਾਸ਼ ਪੜ੍ਹਾਈ ਵਿਚ ਲਾਇਕ ਸੀ। ਬੀ.ਏ. ਪਾਸ ਕਰਕੇ ਉਸ ਨੇ ਇਕ ਪ੍ਰਾਈਵੇਟ ਫੈਕਟਰੀ ਵਿਚ ਨੌਕਰੀ ਕਰ ਲਈ।

ਬਾਬੂ ਰਾਮ ਆੜ੍ਹਤੀਏ ਦਾ ਕੰਮ ਵਧਦਾ ਰਿਹਾ, ਤੇ ਉਸ ਦੇ ਨਾਲ ਹੀ ਤੋਤਾ ਰਾਮ ਦੀ ਤਨਖਾਹ ਵਧਦੀ ਰਹੀ। ਚਾਰ ਪੰਜ ਸਾਲਾਂ ਵਿਚ ਤੋਤਾ ਰਾਮ ਦੇ ਘਰ ਦੀ ਹਾਲਤ ਬਿਲਕੁਲ ਹੀ ਬਦਲ ਗਈ। ਜੋਤੀ ਪ੍ਰਸ਼ਾਦ ਪੂਰਾ ਨਸ਼ਈ ਬਣ ਚੁੱਕਾ ਸੀ। ਉਹ ਹੁਣ ਜਵਾਨੀਓਂ ਟੱਪ ਬੁਢੇਪੇ ਵਿਚ ਜਾ ਪੁੱਜਾ ਸੀ। ਇਸ ਹਾਲਤ ਵਿਚ ਉਹ ਘਰ ਦੇ ਬਾਹਰ ਵਾਰ ਢੱਠੀ ਹੋਈ ਡਿਉੜੀ ਵਿਚ ਟੁੱਟੇ ਹੋਏ ਮੰਜੇ ਤੇ ਦਿਨ ਰਾਤ ਅਫ਼ੀਮ ਦੇ ਨਸ਼ੇ ਵਿਚ ਪਿਆ ਰਹਿੰਦਾ। ਛੇ ਕੁ ਮਹੀਨੇ ਮਗਰੋਂ ਖੰਘਦਿਆਂ ਖੰਘਦਿਆਂ ਹੀ ਉਸਦੀ ਮੌਤ ਹੋ ਗਈ। ਪਿਓ ਦੇ ਮਰਨ ਤੋਂ ਬਾਦ ਤੋਤਾ ਰਾਮ ਨੇ ਸਾਰੇ ਪਿੰਡ ਦੀ ਰੋਟੀ ਆਖੀ। ਸਾਰਾ ਪਿੰਡ ਵਾਹ ਵਾਹ ਕਹਿ ਉਠਿਆ। ਪਿੰਡ ਵਿਚ ਕਿਸੇ ਨੇ ਆਪਣੇ ਪਿਓ ਦਾ ਬੁਢ-ਮਰਨਾ ਇਸ ਸ਼ਾਨ ਨਾਲ ਨਹੀਂ ਸੀ ਕੀਤਾ।

ਬਾਬੂ ਰਾਮ ਦੀ ਧੀ ਸ਼ੀਲਾ ਸੀ। ਮੁੰਡਾ ਕੋਈ ਸੁਨੱਖਾ ਸੀਤਲ ਨਹੀਂ ਸੀ ਮਿਲ ਰਿਹਾ। ਸ਼ੀਲਾ ਹੁਣ ਜਵਾਨ ਹੋ ਗਈ। ਉਹ ਬੜੀ ਸ਼ੀਤਲ ਸੁਭਾ ਤੇ ਪਿਆਰੀ ਕੁੜੀ ਸੀ। ਉਸਨੇ ਨਾਲ ਦੇ ਪਿੰਡ ਦੇ ਹਾਈ ਸਕੂਲ ਤੋਂ ਬੜੇ ਚੰਗੇ ਨੰਬਰ ਲੈ ਕੇ ਦਸਵੀਂ ਪਾਸ ਕੀਤੀ ਸੀ। ਇਕ ਦਿਨ ਬਾਬੂ ਰਾਮ ਦੀ ਵਹੁਟੀ ਨੇ ਘਰ ਵਾਲੇ ਨੂੰ ਕਿਹਾ, "ਕਿਉਂ ਨਾ ਤੋਤਾ ਰਾਮ ਦੇ ਪੁੱਤਰ ਨਾਲ ਹੀ ਸ਼ੀਲਾ ਦੀ ਸ਼ਾਦੀ ਕਰ ਦਿੱਤੀ ਜਾਏ।" ਸੋ ਆਪਣੀ ਬਰਾਦਰੀ ਨਾਲ ਸਲਾਹ ਕਰਕੇ ਸ਼ੀਲਾ ਦੀ ਸ਼ਾਦੀ ਬੁੱਧ ਪ੍ਰਕਾਸ਼ ਨਾਲ ਕਰ ਦਿੱਤੀ। ਤੋਤਾ ਰਾਮ ਦੀ ਮਾਂ ਲਛਮੀ, ਏਡੇ ਵੱਡੇ ਧਨਵਾਨ ਬਾਬੂ ਰਾਮ ਆੜ੍ਹਤੀਏ ਦੇ ਵੱਡੇ ਪਰਿਵਾਰ ਦੀ ਧੀ ਨਾਲ ਆਪਣੇ ਪੁੱਤਰ ਦੀ ਸ਼ਾਦੀ ਦੀ ਗੱਲ ਸੁਣ ਫੁਲੀ ਨਹੀਂ ਸੀ ਸਮਾਂਦੀ। ਉਹ ਆਪਣੇ ਪੁੱਤਰ ਤੇ ਏਡੀ ਸੁੰਦਰ ਧੀ ਸ਼ੀਲਾ ਦੀ ਜੋੜੀ ਵੇਖ ਵਾਰੇ-ਵਾਰੇ ਜਾਂਦੀ ਸੀ। ਉਹ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਮਨਾਂਦੀ। ਉਸਦਾ ਪਰਿਵਾਰ ਹੁਣ ਕਿਥੋਂ ਦਾ ਕਿਥੇ ਜਾ ਪੁਜਿਆ ਸੀ। ਇਹ ਸਭ ਭਗਵਾਨ ਦੀ ਕਿਰਪਾ ਸੀ।

ਬੁੱਧ ਪ੍ਰਕਾਸ਼ ਦੀ ਸ਼ਾਦੀ ਤੋਂ ਇਕ ਸਾਲ ਮਗਰੋਂ ਲਛਮੀ ਚੱਲ ਵਸੀ। ਉਸ ਤੋਂ ਛੇ ਮਹੀਨੇ ਮਗਰੋਂ ਬੁੱਧ ਪ੍ਰਕਾਸ਼ ਦਾ ਪੁੱਤਰ



Sri Satguru Jagjit Singh Ji eLibrary NamdhariElibrary@gmail.com

ਪੈਦਾ ਹੋਇਆ। ਤੋਤਾ ਰਾਮ ਦੇ ਪਰਿਵਾਰ ਤੇ ਬਾਬੂ ਰਾਮ ਆੜ੍ਹਤੀਏ ਦੇ ਪਰਿਵਾਰ ਨੇ ਬੇਟੇ ਦੇ ਜਨਮ ਤੇ ਬੜੀਆਂ ਖੁਸ਼ੀਆਂ ਮਨਾਈਆਂ। ਸਾਰੇ ਪਿੰਡ ਦੀ ਰੋਟੀ ਆਖੀ ਗਈ। ਗਰੀਬ ਗੁਰਬੇ ਨੂੰ ਕੜਾਹ ਪੂੜੀਆਂ ਵੰਡੀਆਂ ਗਈਆਂ। ਚੰਗਾ ਚੋਖਾ ਜਸ਼ਨ ਮਨਾਇਆ ਗਿਆ। ਸਮਾਂ ਪਾ ਕੇ ਬਾਬੂ ਰਾਮ ਤੇ ਉਸਦੀ ਬੀਵੀ ਬੁੱਢੇ ਹੋ ਗਏ। ਹਰਿਦੁਆਰ ਜਾਣ ਲਈ ਦੋਹਾਂ ਜੀਆਂ ਨੇ ਵਿਚਾਰ ਬਣਾਇਆ। ਹਰਿਦੁਆਰ ਜਾਣ ਤੋਂ ਪਹਿਲਾਂ ਬਾਬੂ ਰਾਮ ਨੇ ਆਪਣੀ ਸਾਰੀ ਜਾਇਦਾਦ ਜ਼ਮੀਨ, ਮੱਝਾਂ, ਗਾਈਆਂ ਸਭ ਕੁਝ ਆਪਣੀ ਧੀ ਸ਼ੀਲਾ ਦੇ ਨਾਂ ਕਰਾ ਦਿੱਤਾ। ਗਹਿਣਾ ਗੱਟਾ ਤੇ ਹੋਰ ਸਭ ਕੁਝ ਆਪਣੀ ਧੀ ਤੇ ਜੁਆਈ ਦੇ ਸਪੁਰਦ ਕਰਕੇ ਹਰਿਦੁਆਰ ਜਾਣ ਦੀਆਂ ਪੱਕੀਆਂ ਤਿਆਰੀਆਂ ਹੋਣ ਲੱਗ ਪਈਆਂ। ਬੁੱਧ ਪ੍ਰਕਾਸ਼ ਆਪਣੀ ਸੱਸ ਸਹੁਰੇ ਨੂੰ ਹਰਿਦੁਆਰ ਛੱਡਣ ਗਿਆ। ਹਰਿਦੁਆਰ ਉਹ ਦੋਵੇਂ ਜੀਅ ਪੰਜਾਬ ਸਿੰਧ ਛੇਤਰ ਦੇ ਨਾਲ ਲੱਗਦੇ ਮਹਾਨ ਸਾਧੂ ਆਸ਼ਰਮ ਵਿਚ ਜਾ ਟਿਕੇ। ਇਸ ਆਸ਼ਰਮ ਦੇ ਕਈ ਕਮਰਿਆਂ ਦੀ ਸੇਵਾ ਬਾਬੂ ਰਾਮ ਦੇ ਪਿਤਾ ਨੇ ਅੱਜ ਤੋਂ ੮੦ ਸਾਲ ਪਹਿਲਾਂ ਕਰਾਈ ਸੀ, ਸੋ ਉਨ੍ਹਾਂ ਕਮਰਿਆਂ ਚੋਂ ਇਕ ਕਮਰਾ ਉਨ੍ਹਾਂ ਨੂੰ ਰਿਹੈਸ਼ ਲਈ ਮਿਲ ਗਿਆ। ਉਨ੍ਹਾਂ ਨਾਲ ਆਈ ਸੋਮਾ ਨੌਕਰਾਣੀ ਉਨ੍ਹਾਂ ਦੀ ਸੇਵਾ ਵਿਚ ਜੁਟ ਗਈ। ਦੋਵੇਂ ਬਜ਼ੁਰਗ ਦੋਵੇਂ ਵਕਤ ਹਰ ਕੀ ਪਹੁੜੀ ਤੇ ਬੈਠ ਕੀਰਤਨ ਕਥਾ ਸੁਣਦੇ। ਆਏ ਗਏ ਸਾਧੂ ਤੇ ਗਰੀਬ ਗੁਰਬੇ ਦੀ ਯਥਾਸ਼ਕਤ ਸੇਵਾ ਕਰਦੇ ਤੇ ਇਸ ਤਰ੍ਹਾਂ ਉਨ੍ਹਾਂ ਦਾ ਸਮਾਂ ਲੰਘਦਾ ਗਿਆ।

ਦੋ ਕੁ ਸਾਲ ਮਗਰੋਂ ਸੋਮਾ ਨੌਕਰਾਣੀ ਪਿੰਡ ਵਾਪਸ ਪਰਤ ਆਈ। ਉਸ ਦਸਿਆ ਕਿ ਸੇਠ ਤੇ ਸਿਠਾਣੀ ਇਕ ਦਿਨ ਗੰਗਾ ਵਿਚ ਇਸ਼ਨਾਨ ਕਰਦਿਆਂ ਗੰਗਾ ਦੇ ਪਵਿੱਤਰ ਜਲ ਵਿਚ ਉਸ ਵਕਤ ਸਮਾ ਗਏ, ਜਦੋਂ ਜ਼ੋਰ ਦੀਆਂ ਬਾਰਸ਼ਾਂ ਕਰਕੇ ਗੰਗਾ ਵਿਚ ਇਕਦਮ ਹੜ੍ਹ ਆ ਗਿਆ ਸੀ, ਜਿਸ ਨਾਲ ਦੋ ਸੌ ਤੋਂ ਵੱਧ ਯਾਤਰੂ ਗੰਗਾ ਮਈਆ ਦੀ ਲਪੇਟ ਵਿਚ ਆ ਗਏ ਸਨ।

ਸਮਾਂ ਲੰਘਦਾ ਗਿਆ। ਲੰਘਦਾ ਗਿਆ। ਤੋਤਾ ਰਾਮ ਤੇ ਉਸ ਦੀ ਵਹੁਟੀ ਬਜ਼ੁਰਗ ਹੋ ਗਏ। ਸਾਰਾ ਕਾਰਜ ਬੁੱਧ ਪ੍ਰਕਾਸ਼ ਤੇ ਉਸ ਦੀ ਪਤਨੀ ਸ਼ੀਲਾ ਨੇ ਸੰਭਾਲ ਲਿਆ। ਇਕ ਦਿਨ ਖਬਰ ਆਈ ਕਿ ਪਿੰਡ ਦੇ ਨਾਲ ਪੈਂਦੀ ਨਦੀ ਜਿਥੇ ਹਰ ਰੋਜ਼ ਸਵੇਰੇ ਸਵੇਰੇ ਤੋਤਾ ਰਾਮ ਇਸ਼ਨਾਨ ਕਰਨ ਜਾਂਦਾ ਸੀ, ਇਕ ਚਟਾਨ ਤੋਂ ਪੈਰ ਫਿਸਲ ਕੇ ਉਹ ਨਦੀ ਦੇ ਡੂੰਘੇ ਪਾਣੀ ਦੇ ਘੁੰਮਣਘੇਰ ਵਿਚ ਫਸ ਕੇ ਰਹਿ ਗਿਆ। ਕੁਝ ਦੇਰ ਮਗਰੋਂ ਇਕ ਹੋਰ ਸ਼ਕਤੀਸ਼ਾਲੀ ਲਹਿਰ ਦੀ ਲਪੇਟ ਵਿਚ ਆ ਕੇ ਡੂੰਘੇ ਤੇ ਤੇਜ਼ ਵਹਾ ਵਿਚ ਉਹ ਅਲੋਪ ਹੋ ਗਿਆ।

ਇਸ ਖਬਰ ਨਾਲ ਪਰਿਵਾਰ ਵਿਚ ਗ਼ਮ ਦੀ ਲਹਿਰ ਦੌੜ ਗਈ। ਕਾਫੀ ਨੱਠ ਭੱਜ ਕੀਤੀ ਪਰ ਤੋਤਾ ਰਾਮ ਦੀ ਲਾਸ਼ ਨਾ ਮਿਲ ਸਕੀ ਤੇ ਅਖੀਰ ਲਾਸ਼ ਦੇ ਸਸਕਾਰੇ ਜਾਣ ਤੋਂ ਬਿਨਾਂ ਹੀ ਬੁਢ ਮਰਨਾ ਕਰ ਦਿੱਤਾ ਗਿਆ। ਆਪਣੇ ਪਿੰਡ ਤੇ ਨਾਲ ਦੇ ਕਈ ਪਿੰਡਾਂ ਚੋਂ ਦੋਸਤ, ਮਿੱਤਰ, ਰਿਸ਼ਤੇਦਾਰ ਤੇ ਜਾਣ ਪਛਾਣ ਵਾਲੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਅਫਸੋਸ ਕਰਨ ਆਏ ਤੇ ਇਸ ਤਰ੍ਹਾਂ ਕੜਾਹ ਪ੍ਰਸ਼ਾਦਿ, ਪੂੜੀਆਂ ਖੀਰ ਤੇ ਰੋਟੀ ਪਾਣੀ ਦਾ ਕਈ ਦਿਨ ਲੰਗਰ ਚਲਦਾ ਰਿਹਾ।

ਪਿਓ ਦੇ ਮਰਨ ਮਗਰੋਂ ਬੁੱਧ ਪ੍ਰਕਾਸ਼ ਦੇ ਸਿਰ ਤਕੜੀ ਜ਼ਿੰਮੇਵਾਰੀ ਆ ਗਈ। ਭਾਵੇਂ ਤੋਤਾ ਰਾਮ ਬਹੁਤਾ ਕੰਮ ਨਹੀਂ ਸੀ ਕਰਦਾ, ਪਰ ਜ਼ਮੀਨ ਜਾਇਦਾਦ ਤੇ ਮੱਝੀਆਂ ਗਾਈਆਂ ਦੇ ਦੇਖ ਭਾਲ ਉਹੀ ਕਰਦਾ ਸੀ।

ਤੋਤਾ ਰਾਮ ਦੀ ਮੌਤ ਤੋਂ ਚਾਰ ਪੰਜ ਮਹੀਨਿਆਂ ਮਗਰੋਂ ਬੁੱਧ ਪ੍ਰਕਾਸ਼ ਨੂੰ ਸੁਪਨਾ ਆਇਆ, ਜਿਸ ਵਿਚ ਤੋਤਾ ਰਾਮ ਉਸ ਨੂੰ ਇੰਨੀ ਵੱਡੀ ਜਾਇਦਾਦ ਤੇ ਜ਼ਮੀਨ ਆਦਿ ਦਾ ਉਚੇਚਾ ਧਿਆਨ ਰੱਖਣ ਲਈ ਕਹਿ ਰਿਹਾ ਸੀ—"ਜੇ ਆਪਣੀ ਜਾਇਦਾਦ ਦੀ ਚੰਗੀ ਤਰ੍ਹਾਂ ਰਾਖੀ ਨਾ ਕੀਤੀ ਜਾਵੇ ਤਾਂ ਖਾਂਦਿਆਂ ਖਾਂਦਿਆਂ ਖੂਹ ਖਾਲੀ ਹੋ ਜਾਂਦੇ ਹਨ। ਸੋ ਮੇਰੀ ਚਿਤਾਵਨੀ ਪੱਲੇ ਬੰਨ੍ਹ ਲੈ, ਬੁੱਧ ਪ੍ਰਕਾਸ਼!" ਇਹ ਕਹਿ ਕੇ ਉਸ ਦਾ ਪਿਆਰਾ ਤੋਤਾ ਰਾਮ ਅਲੋਪ ਹੋ ਗਿਆ।

ਦੂਜੇ ਦਿਨ ਸਵੇਰ ਨੂੰ ਨਦੀ ਤੇ ਇਸ਼ਨਾਨ ਤੇ ਪੂਜਾ ਪਾਠ ਵਿਚ ਉਸ ਦਾ ਜੀਅ ਨਾ ਲਗਿਆ। ਉਸਨੂੰ ਇਵੇਂ ਜਾਪਿਆ, ਜਿਵੇਂ ਇੰਨੀ ਜਾਇਦਾਦ ਤੇ ਜ਼ਮੀਨ ਹੌਲੀ ਹੌਲੀ ਉਸ ਪਰਿਵਾਰ ਹੱਥੋਂ ਖੁਸ ਜਾਵੇਗੀ।

ਦਸ ਕੁ ਵਜੇ ਜਦੋਂ ਉਹ ਆਪਣੀ ਬੈਠਕ ਵਿਚ ਗਿਆ ਤਾਂ ਮੁਨੀਮ ਨੂੰ ਕਹਿਣ ਲੱਗਾ, "ਜ਼ਰਾ ਚੰਗੀ ਤਰ੍ਹਾਂ ਖੋਜ ਪੜਤਾਲ ਕਰਕੇ ਹਿਸਾਬ ਲਾ ਦੱਸਣਾ, ਕਿ ਸਾਡੀ ਸਾਰੀ ਜਾਇਦਾਦ, ਸਾਡੇ ਪਰਿਵਾਰ ਦਾ ਕਿੰਨੇ ਕੁ ਸਾਲ ਸਾਥ ਦੇਵੇਗੀ।"

ਦੂਜੇ ਦਿਨ ਮੁਨੀਮ ਨੇ ਸਾਰੀਆਂ ਵਹੀਆਂ ਫੋਲ ਕੇ ਹਿਸਾਬ ਕਿਤਾਬ ਦਾ ਚਿੱਠਾ ਬਣਾਇਆ, ਜਿਸ ਦਾ ਨਚੋੜ ਇਹ ਸੀ, ਕਿ "ਬੁੱਧ ਪ੍ਰਕਾਸ਼ ਦਾ ਸਾਰਾ ਪਰਿਵਾਰ ਸਾਰੀ ਉਮਰ ਤੇ ਉਸ ਦੇ ਪੁੱਤਰ ਪੋਤਰੇ ਪਰਿਵਾਰ ਸਮੇਤ ਹੱਥ ਤੇ ਹੱਥ ਧਰਕੇ ਬੈਠ ਕੇ ਖਾਂਦੇ ਉਡਾਂਦੇ ਰਹਿਣ ਤਾਂ ਵੀ ਇਹ ਜਾਇਦਾਦ ਮੁੱਕ ਨਹੀਂ ਸਕਦੀ, ਪਰ ਉਸ ਮਗਰੋਂ ਆਣ ਵਾਲੀ ਪੀੜ੍ਹੀ ਤੀਕ ਇਹ ਧਨ ਦੌਲਤ ਨਹੀਂ ਪੁਜ ਸਕਦਾ। ਉਸ ਪੀੜ੍ਹੀ ਨੂੰ ਆਪ ਕਮਾ ਕੇ ਖਾਣਾ ਪਹਿਨਣਾ ਹੋਵੇਗਾ।"

ਮੁਨੀਮ ਦੀ ਗੱਲ ਸੁਣ ਬੁੱਧ ਪ੍ਰਕਾਸ਼ ਦੀ ਖਾਨਿਓਂ ਗਈ। ਅੱਜ ਤੋਂ ਚੌਥੀ ਪੀੜ੍ਹੀ ਯਾਨੀ ਕਿ ਡੇਢ ਦੋ ਸੌ ਸਾਲ ਤੀਕ ਇਹ ਸਾਰੀ ਜਾਇਦਾਦ ਖਤਮ ਹੋ ਜਾਵੇਗੀ। ਹੇ ਰਾਮ! ਮੈਂ ਤਾਂ



Sri Satguru Jagjit Singh Ji eLibrary NamdhariElibrary@gmail.com

ਮਾਰਿਆ ਗਿਆ। ਇਹ ਕਹਿ ਕੇ ਉਹ ਮੰਜੇ ਤੇ ਡਿੱਗ ਪਿਆ।

ਸਾਰਾ ਦਿਨ ਉਸ ਨੂੰ ਹੋਸ਼ ਨਾ ਆਈ। ਡਾਕਟਰ ਬੁਲਾਇਆ ਗਿਆ। ਉਸ ਨੇ ਚੰਗੀ ਤਰ੍ਹਾਂ ਵੇਖ-ਭਾਲ ਕੇ ਕਿਹਾ, ਕਿ ਬੁੱਧ ਪ੍ਰਕਾਸ਼ ਦੇ ਦਿਮਾਗ ਤੇ ਕੋਈ ਕਰੜੀ ਸੱਟ ਵੱਜੀ ਹੈ। ਖੈਰ ਵੇਖੋ ਮੈਂ ਦਵਾਈ ਦੇਂਦਾ ਹਾਂ, ਛੇਤੀ ਹੀ ਇਸ ਨੂੰ ਅਰਾਮ ਆ ਜਾਵੇਗਾ। ਡਾਕਟਰ ਨੇ ਦੋ ਦਿਨਾਂ ਦੀ ਦਵਾਈ ਦਿੱਤੀ। ਦੋ ਦਿਨ ਲੰਘ ਗਏ, ਪਰ ਬੁੱਧ ਪ੍ਰਕਾਸ਼ ਨੂੰ ਕੋਈ ਆਰਾਮ ਨਾ ਆਇਆ ? ਸ਼ੀਲਾ ਰਾਣੀ ਬੜੀ ਪ੍ਰੇਸ਼ਾਨ ਹੋਈ। ਇਸੇ ਤਰ੍ਹਾਂ ਦੋ ਹਫਤੇ ਗੁਜ਼ਰ ਗਏ, ਪਰ ਕੋਈ ਫਰਕ ਨਾ ਪਿਆ।

ਬੁੱਧ ਪ੍ਰਕਾਸ਼ ਮੰਜੇ ਤੋਂ ਉੱਠਦਾ ਬੈਠਦਾ ਸੀ, ਪਰ ਕਮਜ਼ੋਰੀ ਬਹੁਤ ਸੀ। ਬਹੁਤੀ ਗੱਲ ਨਹੀਂ ਸੀ ਕਰ ਸਕਦਾ। ਤੇ ਅਖੀਰ ਉਸ ਨੂੰ ਜ਼ਿਲ੍ਹੇ ਦੇ ਹਸਪਤਾਲ ਵਿਚ ਦਾਖਲ ਕਰ ਦਿੱਤਾ ਗਿਆ। ਦੋ ਕੁ ਹਫਤੇ ਹਸਪਤਾਲ ਵਿਚ ਰਹਿਣ ਤੋਂ ਮਗਰੋਂ ਉਸ ਨੂੰ ਘਰ ਭੇਜ ਦਿੱਤਾ ਗਿਆ ਕਿ ਇਸ ਨੂੰ ਸਿਰਫ ਦਿਮਾਗੀ ਪ੍ਰੇਸ਼ਾਨੀ ਹੈ। ਕੋਈ ਦਿਮਾਗੀ ਕੰਮ ਨਾ ਕਰੇ ਤੇ ਘਰ ਹੀ ਆਰਾਮ ਕਰੇ।

ਪਰ ਅਮੀਰ ਆਦਮੀ ਨੂੰ ਆਰਾਮ ਕਿਥੇ। ਪਲ ਪਲ ਗਿਣਤੀਆਂ ਮਿਣਤੀਆਂ ਉਸ ਦੇ ਸਿਰ ਤੇ ਸਵਾਰ ਰਹਿੰਦੀਆਂ। ਕਦੀ ਸੋਚਦਾ, ਲੱਖਾਂ ਦੀ ਕਮਾਈ ਪਰ ਪਤਾ ਨਹੀਂ ਮੇਰੇ ਜੀਂਦਿਆਂ ਜੀਅ ਮਾਇਆ ਮੇਰਾ ਸਾਥ ਦੇਂਦੀ ਹੈ ਕਿ ਨਹੀਂ ਫਿਰ ਮੇਰੇ ਮਗਰੋਂ ਪਰਿਵਾਰ ਦਾ ਕੀ ਬਣੇਗਾ? ਤੇ ਫਿਰ ਮੇਰੇ ਅਗਲੇ ਪਰਿਵਾਰਾਂ ਦਾ ਕੀ ਬਣੇਗਾ। ਇਨ੍ਹਾਂ ਹੀ ਸੋਚਾਂ ਵਿਚ ਹਰ ਘੜੀ ਗਲਤਾਨ ਰਿਹਾ ਕਰੇ।

ਡਾਕਟਰੀ ਦਵਾਈਆਂ ਨਾਲ ਆਰਾਮ ਨਾ ਆਇਆ ਤਾਂ ਹੋਮਿਓਪੈਥੀ ਦੇ ਡਾਕਟਰ ਨੂੰ ਬੁਲਾਇਆ ਗਿਆ। ਉਹ ਵਡੇ ਕਸਬੇ ਤੋਂ ਆਪਣੀ ਕਾਰ ਤੇ ਆਇਆ। ਵੇਖ ਭਾਲ ਕਰਕੇ ੧੫ ਦਿਨਾਂ ਦੀ ਦਵਾਈ ਦੇ ਗਿਆ। ਖੁਰਾਕ ਸਾਦਾ, ਸਬਜ਼ੀਆਂ ਫਲਾਂ ਦਾ ਸੇਵਨ ਕਰੋ। ਬਹੁਤਾ ਪਾਣੀ ਪੀਓ। ਫਿਕਰ ਚਿੰਤਾ ਨੂੰ ਕੋਲ ਨਾ ਆਣ ਦਿਓ। ਕੀਮਤੀ ਜਰਮਨ ਦਵਾਈਆਂ ਦੀ ਕੀਮਤ, ਫੀਸ ਤੇ ਪੈਟਰੋਲ ਦੇ ਪੈਸੇ ਲੈ ਕੇ ਉਹ ਚਲਦਾ ਬਣਿਆ, ਪਰ ਬੁਧ ਪ੍ਰਕਾਸ਼ ਨੂੰ ਆਰਾਮ ਨਾ ਆਇਆ।

ਇਕ ਦਿਨ ਇਕ ਪਹੁੰਚਿਆ ਹੋਇਆ ਫ਼ਕੀਰ ਸਾਈਂ ਪਿੰਡ ਵਿਚ ਆਇਆ, ਉਹ ਮੰਤਰਾਂ ਟੂਣਿਆਂ ਨਾਲ ਇਲਾਜ ਕਰਦਾ ਸੀ। ਉਸ ਨੂੰ ਬੁਲਾਇਆ ਗਿਆ, ਉਸ ਨੇ ਕਿਹਾ, ਤੀਹ ਦਿਨ ਰੋਜ਼ ਸਵੇਰ ਸਾਰ ਦੋ ਸੇਰ ਆਟਾ ਤੀਹ ਗਰੀਬ ਗੁਰਬੇ ਵਿਚ ਵੰਡ ਦਿਤਾ ਜਾਵੇ, ਆਸ ਹੈ ਇਸ ਪੁੰਨ ਦਾਨ ਦੇ ਕਾਰਜ ਮਗਰੋਂ ਬੁੱਧ ਪ੍ਰਕਾਸ਼ ਜ਼ਰੂਰ ਠੀਕ ਹੋ ਜਾਵੇਗਾ।

ਬੁੱਧ ਪ੍ਰਕਾਸ਼ ਨੇ ਫ਼ਕੀਰ ਸਾਈਂ ਦੇ ਹੁਕਮ ਅਗੇ ਸਿਰ ਝੁਕਾ ਦਿਤਾ। ਤੇ ਰੋਜ਼ ਸਵੇਰੇ ਤੀਹ ਗਰੀਬਾਂ ਨੂੰ ਦੋ ਸੇਰ ਇਕ ਆਦਮੀ ਦੇ ਹਿਸਾਬ ਲੰਗਰ ਲਗਾ ਦਿਤਾ ਗਿਆ। ਦਿਨ ਗੁਜ਼ਰਦੇ ਗਏ। ਥੋੜਾ ਬਹੁਤਾ ਫਰਕ ਪੈਣਾ ਸ਼ੁਰੂ ਹੋ ਗਿਆ, ਪਰ ਅੰਦਰੋਂ ਘੇਰੀਆਂ ਪੈਣ ਕਿ ਰੋਜ਼ ਦੋ ਕਿਲੋ ਆਟਾ ਤੀਹ ਬੰਦਿਆਂ ਨੂੰ ਪੂਰਾ ਇਕ ਮਹੀਨਾ ਲੰਗਰ ਲਾਣ ਨਾਲ ਕਿਧਰੇ ਮੇਰਾ ਭੱਠਾ ਹੀ ਨਾ ਬਹਿ ਜਾਵੇ, ਬੁੱਧ ਪ੍ਰਕਾਸ਼ ਦੇ ਸਾਹਮਣੇ ਇਹ ਲੰਗਰ ਪ੍ਰਸ਼ਨ ਚਿੰਨ ਬਣ ਕੇ ਰਹਿ ਗਿਆ। ਖੈਰ ਪਹੁੰਚੇ ਹੋਏ ਫ਼ਕੀਰ ਦਾ ਹੁਕਮ ਵੀ ਨਹੀਂ ਸੀ ਟਾਲਿਆ ਜਾ ਸਕਦਾ। ਇਸ ਤਰ੍ਹਾਂ ੨੫ ਦਿਨ ਲੰਘ ਗਏ। ਅਗਲੇ ਦਿਨ ਖੀਵੇ ਖਾਨ ਨਾਂ ਦਾ ਇਕ ਗਰੀਬ ਆਦਮੀ ਆਪਣੇ ਹਿਸੇ ਦਾ ਆਟਾ ਲੈਣ ਨਾ ਆਇਆ। ਸਾਰੇ ਪਰਿਵਾਰ ਨੂੰ ਹੈਰਾਨੀ ਹੋਈ। ਉਸਦੀ ਨਦੀ ਕਿਨਾਰੇ ਬਣੀ ਝਾੜ ਫੂਸ ਦੀ ਝੌਂਪੜੀ ਵਿਚ ਮਨੀਮ ਨੂੰ ਭੇਜਿਆ ਗਿਆ, ਤਾਂ ਸਾਹਮਣੇ ਖੀਵੇ ਖਾਂ ਆਪਣੇ ਪਰਿਵਾਰ ਵਿਚ ਰੋਟੀ ਖਾ ਰਿਹਾ ਸੀ।

ਮੁਨੀਮ ਨੇ ਪੁਛਿਆ, "ਖੀਵਾ ਤੂੰ ਅੱਜ ਆਪਣੇ ਹਿਸੇ ਦਾ ਆਟਾ ਲੈਣ ਨਹੀਂ ਆਇਆ ?"

ਖੀਵੇ ਨੇ ਮੁਨੀਮ ਨੂੰ ਨਮਸਕਾਰ ਕਰਦਿਆਂ ਕਿਹਾ "ਮੁਨੀਮ ਜੀ! ਮੇਰੇ ਪਰਿਵਾਰ ਪਾਸ ਕੱਲ੍ਹ ਦਾ ਬਚਿਆ ਆਟਾ ਪਿਆ ਸੀ। ਇਸ ਲਈ ਅੱਜ ਮਿਲਣ ਵਾਲੇ ੨ ਕਿਲੋ ਆਟੇ ਦੀ ਲੋੜ ਨਹੀਂ ਸੀ। ਲੋੜ ਬਿਨਾਂ ਮੈਂ ਕਿਉਂ ਆਟਾ ਲੈਣ ਆਵਾਂ। ਕਲ੍ਹ ਦੀ ਕਲ੍ਹ ਵੇਖੀ ਜਾਵੇ। ਅੱਜ ਦਾ ਅੱਲਾ ਤਾਲਾ ਦਾ ਸ਼ੁਕਰ ਏ ਕਿ ਰੋਟੀ ਖਾ ਲਈ ਹੈ। ਅੱਲਾ ਕਾਰਸਾਜ਼ ਹੈ, ਉਹੀ ਤਾਂ ਰੋਜ਼ ਸਾਡੀ ਰੋਟੀ ਪਾਣੀ ਦਾ ਪਰਬੰਧ ਕਰ ਦੇਂਦਾ ਹੈ, ਫਿਰ ਲਾਲਚ ਵਸ ਦੋ ਕਿਲੋ ਆਟਾ ਫਾਲਤੂ ਆਪਣੇ ਪੱਲੇ ਕਿਉਂ ਬੰਨ੍ਹਾਂ ?

ਜਿਨ੍ਹਾਂ ਤੱਕਣਾ ਰੱਬ ਦਾ ਉਨ੍ਹਾਂ ਰਿਜ਼ਕ ਹਮੇਸ਼
ਪੱਲੇ ਕਛੂ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼।

ਮੁਨੀਮ ਜੀ ਫਾਲਤੂ ਕੋਈ ਚੀਜ਼ ਪੱਲੇ ਬੰਨ੍ਹਣੀ ਰਬ ਦੇ ਆਸਰੇ ਜੀਣ ਵਾਲੇ ਬੰਦਿਆਂ ਦਾ ਕੰਮ ਨਹੀਂ। ਇਸ ਲਈ ਮੈਂ ਆਟਾ ਲੈਣ ਨਹੀ ਆਇਆ।

ਮੁਨੀਮ ਜੀ ਦੇ ਪੱਲੇ ਕੁਝ ਨਾ ਪਿਆ।

ਮੁਨੀਮ ਨੇ ਸਾਰੀ ਗੱਲ ਬੁੱਧ ਪ੍ਰਕਾਸ਼ ਨੂੰ ਦੱਸੀ। ਉਸ ਵਕਤ ਉਹ ਪਹੁੰਚਿਆ ਹੋਇਆ ਫ਼ਕੀਰ ਵੀ ਉਥੇ ਬੈਠਾ ਰੱਬ ਆਸਰੇ ਜੀਣ ਲਈ ਸਿਖਿਆ ਬੋਧ ਪ੍ਰਕਾਸ਼ ਨੂੰ ਦੇ ਰਿਹਾ ਸੀ। ਜਦੋਂ ਮੁਨੀਮ ਦੀ ਗੱਲ ਉਸ ਨੇ ਸੁਣੀ ਤਾਂ ਉਸਦੇ ਹੱਥ ਅਕਾਸ਼ ਵਲ ਜੁੜ ਗਏ। ਫ਼ਕੀਰ ਸਾਈਂ ਕਹਿਣ ਲਗਾ "ਬੁਧ ਪ੍ਰਕਾਸ਼"! ਅਸਲ ਵਿੱਚ ਰੱਬ ਨੂੰ ਪਹੁੰਚਿਆ ਹੋਇਆ ਉਹ ਖੀਵਾ ਹੈ, ਜੋ ਰੱਬ ਦੇ ਆਸਰੇ ਜੀ ਰਿਹਾ ਹੈ। ਉਧਰ ਤੂੰ ਏਂ, ਜੋ ਤਿੰਨ ਪੀੜ੍ਹੀਆਂ ਦੇ ਗ਼ਮ ਵਿਚ ਘੁਲਿਆ ਜਾ ਰਿਹਾ ਏਂ। ਚਲ ਉਸ ਖੀਵੇ ਬਾਦਸ਼ਾਹ ਦੇ ਦਰਸ਼ਨ ਕਰਨ ਚਲੀਏ। ਬੁੱਧ ਪ੍ਰਕਾਸ਼ ਮੁਨੀਮ ਦੀ



Sri Satguru Jagjit Singh Ji eLibrary NamdhariElibrary@gmail.com

ਗੱਲ ਸੁਣਕੇ ਹੀ ਪ੍ਰੇਸ਼ਾਨ ਹੋ ਰਿਹਾ ਸੀ। ਉਹ ਆਪਣੀ ਢਹਿੰਦੀਆਂ ਸ਼ਕਤੀਆਂ ਨੂੰ ਇੱਕਠਾ ਕਰਕੇ ਫ਼ਕੀਰ ਸਾਈਂ ਦੇ ਨਾਲ ਹੀ ਖੀਵੇ ਨੂੰ ਮਿਲਣ ਤੁਰ ਪਿਆ।

ਖੀਵਾ ਨਮਾਜ਼ ਅਦਾ ਕਰ ਰਿਹਾ ਸੀ। ਕੁਝ ਪਲਾਂ ਮਗਰੋਂ ਜਦੋਂ ਉਹ ਵਿਹਲਾ ਹੋਇਆ, ਤਾਂ ਫਕੀਰ ਸਾਈਂ, ਤੇ ਬੁੱਧ ਪ੍ਰਕਾਸ਼ ਦੇ ਪੈਰਾਂ ਵਲ ਵਧਿਆ, ਪਰ ਫਕੀਰ ਸਾਈਂ ਨੇ ਉਸ ਨੂੰ ਗਲੇ ਲਗਾ ਲਿਆ, "ਖੀਵੇ ਸਾਈਂ ਸੱਚਮੁਚ ਤੂੰ ਰੱਬ ਨੂੰ ਪਹੁੰਚਿਆ ਹੋਇਆ ਕੋਈ ਅਰਸ਼ੀ ਬੰਦਾ ਏਂ।" ਖੀਵਾ ਅੱਖ ਬੰਦ ਕਰਕੇ ਖਾਮੋਸ਼ ਖੜੋਤਾ ਸੀ। ਬੁੱਧ ਪ੍ਰਕਾਸ਼ ਨੇ ਖੀਵੇ ਦੇ ਪੈਰਾਂ ਨੂੰ ਛੋਹ ਕੇ ਉਸਦਾ ਹਥ ਫੜ ਆਪਣੇ ਮਸਤਕ ਤੇ ਲਾਇਆ।

ਬਸ ਉਸੇ ਦਿਨ ਤੋਂ ਬੁੱਧ ਪ੍ਰਕਾਸ਼ ਦੀ ਬੀਮਾਰੀ ਦੂਰ ਹੋਣੀ ਸ਼ੁਰੂ ਹੋ ਗਈ। ਮਹੀਨੇ ਕੁ ਨੂੰ ਉਹ ਚੰਗਾ ਭਲਾ ਹੋ ਗਿਆ। ਪਰ ਉਸ ਦੋ ਕਿਲੋ ਰੋਜ਼ਾਨਾ ਗਰੀਬ ਗੁਰਬੇ ਨੂੰ ਵੰਡਣਾ ਨਾ ਛਡਿਆ। ਫ਼ਕੀਰ ਸਾਈਂ ਦਾ ਸੱਦਾ ਸੁਣਕੇ ਉਸ ਦੇ ਹੱਥ ਭਗਵਾਨ ਦੀ ਮੂਰਤੀ ਵਲ ਜੁੜ ਜਾਂਦੇ। ਜਦੋਂ ਜਦੋਂ ਕਦੀ ਖੀਵੇ ਦੀ ਝੁਗੀ ਪਾਸੋ ਲੰਘਦਾ ਉਸ ਨੂੰ ਨਸਮਕਾਰ ਕਰਕੇ ਅਗੇ ਲੰਘਦਾ।

ਕੁਝ ਮਹੀਨਿਆਂ ਮਗਰੋਂ ਬੁੱਧ ਪ੍ਰਕਾਸ਼ ਨੇ ਆਪਣੇ ਮੁਨੀਮ ਨੂੰ ਖੀਵੇ ਦੀ ਟੁਟੀ ਭੱਜੀ ਝੁਗੀ ਦੀ ਥਾਂ ਪੱਕਾ ਮਕਾਨ ਬਣਾਣ ਲਈ ਸਾਰਾ ਸਮਾਨ ਤੇ ਮਿਸਤਰੀ ਘੱਲ ਦਿਤੇ। ਜਦੋਂ ਸਵੇਰੇ ਖੀਵੈ ਨੂੰ ਪਤਾ ਲਗਾ ਤਾਂ ਉਹ ਬੇਤਹਾਸ਼ਾ ਦੌੜਦਾ ਹੋਇਆ ਬੁੱਧ ਪ੍ਰਕਾਸ਼ ਦੇ ਮਕਾਨ ਤੇ ਜਾ ਪੁਜਾ। ਦੂਰੋਂ ਬੁੱਧ ਪ੍ਰਕਾਸ਼ ਨੇ ਖੀਵੇ ਨੂੰ ਹਥ ਜੋੜ ਦੌੜਦਿਆਂ ਹੋਇਆ ਵੇਖਿਆ, ਤਾਂ ਉਹ ਬੜਾ ਖੁਸ਼ ਹੋਇਆ। ਉਸ ਸੋਚਿਆ, ਖੀਵਾ ਧੰਨਵਾਦ ਕਰਨ ਆਇਆ ਹੈ ਕਿ ਉਸਦੀ ਟੁਟੀ ਫੁਟੀ ਝੌਂਪੜੀ ਦੀ ਥਾਂ ਬੁੱਧ ਪ੍ਰਕਾਸ਼ ਨੇ ਪੱਕਾ ਮਕਾਨ ਬਣਾਨ ਲਈ ਸਾਰਾ ਸਮਾਨ ਘੱਲ ਦਿਤਾ ਹੈ, ਪਰ ਇਹ ਵੇਖ ਉਹ ਬੜਾ ਹੈਰਾਨ ਹੋਇਆ, ਜਦੋਂ ਖੀਵੇ ਨੇ ਹਥ ਜੋੜਦਿਆਂ ਕਿਹਾ "ਬੋਧ ਪ੍ਰਕਾਸ਼ ਜੀ! ਮੈਂ ਤੁਹਾਡਾ ਅਹਿਸਾਨ ਸਾਰੀ ਉਮਰ ਨਹੀਂ ਚੁਕਾ ਸਕਦਾ, ਜੋ ਤੁਸੀਂ ਮੇਰੇ ਤੇ ਰਹਿਮ ਕਰਦੇ ਰਹੇ ਹੋ, ਪਰ ਇਸ ਤਰ੍ਹਾਂ ਦਾ ਪਾਪ ਮੇਰੇ ਸਿਰ ਨਾ ਚੜਾਓ, ਮੈ ਆਪਣੀ ਟੁਟੀ ਫੁਟੀ ਝੁਗੀ ਵਿਚ ਬਹਿ ਕੇ ਅੱਲਾ ਦੀ ਯਾਦ ਵਿਚ ਵਕਤ ਗੁਜ਼ਾਰ ਰਿਹਾਂ। ਜੇ ਤੁਹਾਡੇ ਬਣਾਏ ਪੱਕੇ ਮਕਾਨ ਵਿਚ ਰਹਿਣ ਲਗ ਪਿਆ, ਤਾਂ ਮੈ ਅੱਲਾ ਦਾ ਰਹਿਮ ਕਰਮ ਤੇ ਉਸਦੀ ਨਵਾਜ਼ਿਸ਼ ਨੂੰ ਖੋਹ ਬੈਠਾਂਗਾ। ਮੈਂ ਨਿਰਾ ਦੁਨੀਆਂਦਾਰ ਬਣ ਜਾਵਾਂ, ਤੇ ਇਹ ਗੱਲ ਮੈਨੂੰ ਮਨਜ਼ੂਰ ਨਹੀਂ।" ਇਹ ਕਹਿ ਕੇ ਖੀਵਾ ਖਾਂ, ਬੁੱਧ ਪ੍ਰਕਾਸ਼ ਨੂੰ ਨਿਮੋਝੂਣਾ ਤੇ ਹੈਰਾਨ ਪ੍ਰੇਸ਼ਾਨ ਛਡ ਕੇ ਅਲੋਪ ਹੋ ਗਿਆ।

*੮੦/੧੪ ਬੀ, ਮਾਲਵੀਆ ਨਗਰ*
*ਨਵੀਂ ਦਿੱਲੀ-੧੭*

## *ਹਜ਼ੂਰੀ ਰਾਗੀਆਂ ਦੀ ਭੈਣ ਨਮਿੱਤ*

# ਪਾਠ ਦਾ ਭੋਗ ਤੇ ਸ਼ਰਧਾਂਜਲੀਆਂ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀਆਂ ਸੰਤ ਦਰ੍ਸ਼ਨ ਸਿੰਘ ਅਤੇ ਸੰਤ ਖਜ਼ਾਨ ਸਿੰਘ ਦੀ ਛੋਟੀ ਭੈਣ ਸੁਰਜੀਤ ਕੌਰ ਸੁਪਤਨੀ ਸੰਤ ਬੇਅੰਤ ਸਿੰਘ ਨਿਵਾਸੀ ਪਿੰਡ ਕੰਗ (ਨਜ਼ਦੀਕ ਧਾਰੀਵਾਲ) ਜ਼ਿਲ੍ਹਾ ਗੁਰਦਾਸਪੁਰ ੨੫ ਜੂਨ ੨੦੦੧ ਨੂੰ ਕੁਝ ਸਮਾਂ ਬੀਮਾਰ ਰਹਿ ਕੇ ੬੫ ਸਾਲ ਦੀ ਆਯੂ ਭੋਗ ਕੇ ਅਕਾਲ ਚਲਾਣਾ ਕਰ ਗਏ। ਉਹਨਾਂ ਨੇ ਗੱਲਾਂ-ਬਾਤਾਂ ਕਰਦਿਆਂ ਹੋਇਆਂ ਸਾਰੇ ਪਰਿਵਾਰ ਨੂੰ ਉੱਚੀ ਆਵਾਜ਼ ਵਿਚ ਸਤਿ ਸ੍ਰੀ ਅਕਾਲ ਬੁਲਾਈ ਅਤੇ ਉਸੇ ਵੇਲੇ ਪ੍ਰਾਣ ਤਿਆਗ ਦਿੱਤੇ। ਉਹਨਾਂ ਦਾ ਪੇਕਾ ਘਰ ਪਿੰਡ ਚੀਚਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੀ। ਪਿਤਾ ਦਾ ਨਾਂ ਸੰਤ ਖਿਊਣ ਸਿੰਘ ਅਤੇ ਮਾਤਾ ਦਾ ਨਾਂ ਸ੍ਰੀਮਤੀ ਬਸੰਤ ਕੌਰ ਸੀ। ਉਹ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਮਹਾਨ ਨਾਮਧਾਰੀ ਸੰਤ, ਬਾਬਾ ਝੰਡਾ ਸਿੰਘ ਕੰਗ ਦੀ ਪੋਤ ਨੂੰਹ ਸਨ। ਮਾਤਾ ਸੁਰਜੀਤ ਕੌਰ ਦੇ ਨਮਿਤ ਉਨ੍ਹਾਂ ਦੇ ਸਪੁੱਤਰਾਂ ਜੋਗਿੰਦਰ ਸਿੰਘ ਕੰਗ (ਪੰਥਕ ਕਵੀ ਤੇ ਲੇਖਕ) ਅਤੇ ਬਲਵਿੰਦਰ ਸਿੰਘ ਕੰਗ ਨੇ ਪਰਿਵਾਰ ਸਹਿਤ ਆਪਣੇ ਗ੍ਰਿਹ ਵਿਖੇ ੪ ਜੁਲਾਈ ੨੦੦੧ ਨੂੰ ਸਹਿਜ ਪਾਠ ਦਾ ਭੋਗ ਪਾਇਆ। ਪਾਠ ਦੇ ਭੋਗ ਤੋਂ ਪਹਿਲਾਂ ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਜਥੇਦਾਰ ਨਿਸ਼ਾਨ ਸਿੰਘ ਚੱਕ ਬੜੋਏ (ਸਪੁੱਤਰ ਮਰਹੂਮ ਨਾਮਧਾਰੀ ਜਥੇਦਾਰ ਬੰਤਾ ਸਿੰਘ ਬੂੜੇ ਡੱਲਾ) ਅਤੇ ਸੂਬਾ ਸੇਵਾ ਸਿੰਘ ਜਗਾਧਰੀ ਨੇ ਹੱਲੇ ਦੇ ਦੀਵਾਨ ਲਾਏ ਅਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਬਾਅਦ ਹਜ਼ੂਰੀ ਰਾਗੀ ਜਥੇ ਸੰਤ ਖਜ਼ਾਨ ਸਿੰਘ, ਸੰਤ ਹਰਬੰਸ ਸਿੰਘ ਘੁੱਲਾ ਨੇ ਵੈਰਾਗਮਈ ਕੀਰਤਨ ਕੀਤਾ। ਪਾਠ ਦੇ ਭੋਗ ਉਪਰੰਤ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਸਰਕਾਰ, ਸ੍ਰ. ਕਸ਼ਮੀਰ ਸਿੰਘ ਕੰਗ ਪ੍ਰਧਾਨ ਪੰਜਾਬ ਮਜ਼ਦੂਰ ਦਲ ਅਤੇ ਸੂਬਾ ਕਰਤਾਰ ਸਿੰਘ ਹੋਠੀਆਂ ਨੇ ਮਾਤਾ ਜੀ ਨੂੰ ਭਰਪੂਰ ਸ਼ਰਧਾਂਜਲੀਆਂ ਅਰਪਿਤ ਕੀਤੀਆਂ।


Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

**Namdhari Sales**

10240/54, Library Road, Azad Market, Delhi-11006



Sri Satguru Jagjit Singh Ji eLibrary NamdhariElibrary@gmail.com

## ਵਿਜੋਗੇ ਮਨੁੱਖ ਦਾ ਮੁਹਾਂਦਰਾ—ਪ੍ਰੀਤਮ ਸਿੰਘ ਪੰਛੀ ਦਾ ਨਾਵਲ

# ਆਪਣੇ ਹਿੱਸੇ ਦੀ ਮਿੱਟੀ

—ਸੁਵਰਨ ਸਿੰਘ ਵਿਰਕ

"ਆਪਣੇ ਹਿੱਸੇ ਦੀ ਮਿੱਟੀ" ਪ੍ਰੀਤਮ ਸਿੰਘ ਪੰਛੀ ਦਾ ਤੀਜਾ ਨਾਵਲ ਹੈ। ਇਸ ਤੋਂ ਪਹਿਲਾਂ ਉਹ "ਕੁਦੇਸਣ" ਅਤੇ "ਟੁਕੜਿਆਂ ਵਿਚ ਵੰਡਿਆ ਆਦਮੀ" ਨਾਂ ਦੇ ਦੋ ਨਾਵਲ ਪੰਜਾਬੀ ਸਾਹਿਤ ਸੰਸਾਰ ਨੂੰ ਭੇਟ ਕਰ ਚੁੱਕਾ ਹੈ। ਪ੍ਰੀਤਮ ਸਿੰਘ ਪੰਛੀ ਬਹੁ-ਆਯਾਮੀ ਸ਼ਖਸੀਅਤ ਦਾ ਸੁਆਮੀ ਹੈ। ਪਿਛਲੀ ਸਦੀ ਦੇ ਮਗਰਲੇ ਅੱਠ ਦਹਾਕਿਆਂ ਤੇ ਉਸ ਦਾ ਜੀਵਨ ਚਰਿੱਤਰ ਫੈਲਿਆ ਹੈ। ਉਹ ਨਾਵਲਕਾਰ ਹੋਣ ਤੋਂ ਇਲਾਵਾ ਕਵੀ, ਕਹਾਣੀਕਾਰ, ਅਨੁਵਾਦਕ, ਅਧਿਆਪਕ, ਸੰਪਾਦਕ, ਪੱਤਰਕਾਰ ਦੇ ਨਾਤੇ ਆਪਣੇ ਰਚਨਾ ਸੰਸਾਰ ਨਾਲ ਜੁੜਿਆ ਹੋਇਆ ਹੈ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਉਹ ਨਾਮਧਾਰੀ ਅੰਦੋਲਨ, ਕ੍ਰਿਤੀ ਕਿਸਾਨ ਲਹਿਰਾਂ ਰਿਆਸਤੀ ਪ੍ਰਜਾ ਮੰਡਲ ਆਦਿ ਦੇ ਪਲੇਟ ਫਾਰਮਾਂ ਤੋਂ ਹਿੱਸਾ ਪਾਉਂਦਾ ਰਿਹਾ ਹੈ। "ਟੁਕੜਿਆਂ ਵਿਚ ਵੰਡਿਆ ਆਦਮੀ" ਉਸਦੇ ਜੀਵਨ ਪੰਧ ਦੇ ਕਈ ਦਿਲਚਸਪ ਪਹਿਲੂਆਂ ਤੇ ਝਾਤ ਪੁਆਉਂਦਾ ਹੈ। "ਕੁਦੇਸਣ" ਨਾਵਲ ਵਿਚ ਦੂਜਿਆਂ ਪ੍ਰਾਂਤਾਂ ਤੋਂ ਪੰਜਾਬ ਵਿਚ ਲਿਆਂਦੀਆਂ ਔਰਤਾਂ ਦੇ ਤ੍ਰਾਸਦਿਕ ਜੀਵਨ ਦਾ ਚਿਤਰਨ ਹੈ।

ਹੱਥਲੇ ਨਾਵਲ ਦਾ ਕਥਾਨਕ ਰਾਜੇਵਾਲ (ਪੰਜਾਬ) ਅਤੇ ਜਗਤਪੁਰਾ (ਬਿਹਾਰ) ਦੇ ਦੋ ਪਿੰਡਾਂ ਤੱਕ ਫੈਲਿਆ ਹੋਇਆ ਹੈ। ਪੰਜਾਬ ਤੋਂ ਪਟਨੇ ਦੇ ਮੈਡੀਕਲ ਕਾਲਜ ਵਿਚ ਪੜ੍ਹਨ ਗਿਆ ਜਗਦੀਪ ਆਪਣੀ ਜਮਾਤਣ ਬਿਹਾਰੀ ਲੜਕੀ ਰੂਪਮਤੀ ਦੇ ਪ੍ਰੇਮ ਪਾਸ਼ ਵਿਚ ਬੱਝ ਜਾਂਦਾ ਹੈ। ਦੋਹਾਂ ਪਰਿਵਾਰਾਂ ਦੇ ਵੱਖਰੇ ਪਿਛੋਕੜ ਅਤੇ ਆਪੋ ਵਿਚ ਨਾ ਮਿਲਦੇ ਸਿਆਸੀ ਝੁਕਾ ਹੋਣ ਕਾਰਨ ਵੀ ਰੂਪਮਤੀ ਜਗਦੀਪ ਵੱਲ ਖਿੱਚੀ ਜਾਂਦੀ ਹੈ। ਦੋਹਾਂ ਦਾ ਪੜ੍ਹਾਈ ਖਤਮ ਕਰਨ ਤੋਂ ਬਾਦ ਪਟਨੇ ਮੈਡੀਕਲ ਕਾਲਜ ਵਿਚ ਨੌਕਰੀ ਕਰਦਿਆਂ ਵਿਆਹ ਵੀ ਹੋ ਜਾਂਦਾ ਹੈ ਅਤੇ ਉਹਨਾਂ ਦੇ ਸੰਜੋਗ ਵਿਚੋਂ ਮਨੂੰ ਨਾਂ ਦਾ ਪੁੱਤਰ ਵੀ ਜਨਮ ਲੈਂਦਾ ਹੈ। ਜਗਦੀਪ ਮਾਂ ਪੁੱਤਰ ਨੂੰ ਲੈ ਕੇ ਆਪਣੇ ਪਿੰਡ ਰਾਜੇਵਾਲ ਆ ਜਾਂਦਾ ਹੈ। ਇਥੇ ਆ ਕੇ ਰੂਪਮਤੀ ਨੂੰ ਪਹਿਲਾ ਝਟਕਾ ਉਦੋਂ ਲੱਗਦਾ ਹੈ ਜਦੋਂ ਉਹ ਵੇਖਦੀ ਹੈ ਕਿ ਜਗਦੀਪ ਦੀ ਮਹਿੰਦਰੋ ਨਾਂ ਦੀ ਪਹਿਲੀ ਔਰਤ ਵੀ ਘਰ ਵਿਚ ਮੌਜੂਦ ਹੈ। ਇਸੇ ਤਰ੍ਹਾਂ ਹੀ ਜਦੋਂ ਪਟਨੇ ਤੋਂ ਜਗਰੂਪ ਦੇ ਘਰ ਲੜਕਾ ਹੋਣ ਦੀ, ਉਸਦੇ ਬਿਹਾਰੀ ਕੁੜੀ ਨਾਲ ਵਿਆਹ ਦੀ ਤਾਰ, ਪਿੰਡ ਪੁਹੰਚਦੀ ਹੈ ਤਾਂ ਮਹਿੰਦਰੋ ਦੇ ਸੁਪਨੇ ਚਕਨਾ-ਚੂਰ ਹੋ ਜਾਂਦੇ ਹਨ। ਉਸਦੀਆਂ ਸਹੇਲੀਆਂ ਉਸਨੂੰ ਹੌਸਲਾ ਦਿੰਦੀਆਂ ਹਨ ਕਿ ਤੂੰ ਤਕੜੀ ਹੋ ਅਤੇ ਕੁਦੇਸਣ ਦੇ ਪੈਰ ਘਰ ਵਿਚ ਨਾ ਲੱਗਣ ਦੇਵੀਂ। ਮਹਿੰਦਰੋ ਬੇਉਲਾਦ ਹੈ। ਅਨਪੜ੍ਹ ਹੈ। ਇਸ ਲਈ ਉਹ ਸੋਚਦੀ ਹੈ ਕਿ ਉਹ ਪੜ੍ਹੀ ਲਿਖੀ ਤੇਜ਼ ਤਰਾਰ ਅਤੇ ਪਤੀ ਦੀ ਚਹੇਤੀ ਕੁਦੇਸਣ ਦਾ ਮੁਕਾਬਲਾ ਕਿਵੇਂ ਕਰੇਗੀ।

ਜਗਦੀਪ ਸ਼ਿਵ ਸਿੰਘ ਨੰਬਰਦਾਰ ਦਾ ਪੁੱਤਰ ਹੈ। ਜਿਸ ਦੇ ਵਡੇਰਿਆਂ ਨੂੰ ੧੮੫੭ ਦੇ ਪਹਿਲੇ ਸੁਤੰਤਰਤਾ ਸੰਗਰਾਮ (ਜਿਸਨੂੰ ਗ਼ਦਰ ਵੀ ਕਿਹਾ ਜਾਂਦਾ ਹੈ) ਸਮੇਂ ਸਰਕਾਰ ਬਰਤਾਨੀਆਂ ਦੀ ਭਰਪੂਰ ਮਦਦ ਕਰਨ ਸਦਕਾ ਉਸ ਵਲੋਂ ਇਕ ਲੱਖ ਰੁਪੈ ਦਾ ਇਨਾਮ ਦੇਕੇ ਨਿਵਾਜਿਆ ਗਿਆ ਸੀ। ਇਸੇ ਲਈ ਇਹ ਪਰਿਵਾਰ ਇਕ ਲੱਖੀਆ ਕਹਾਉਂਦਾ ਹੈ। ਪ੍ਰੰਤੂ ਜਗਦੀਪ ਪਟਨੇ ਦੀ ਵਿਦਿਆਰਥੀ ਲਹਿਰ ਵਿਚ ਸਰਗਰਮ ਹਿੱਸੇਦਾਰੀ ਸਦਕਾ ਅਤੇ ਕੁਝ ਉਸ ਵੇਲੇ ਦੇ ਚੱਲ ਰਹੇ ਮੁਜ਼ਾਰਾ ਅੰਦੋਲਨ ਕਾਰਨ ਪੁਰਖਿਆਂ ਦੀ ਰਾਜ ਭਗਤ ਪ੍ਰੰਪਰਾ ਤੋਂ ਬਾਗ਼ੀ ਹੋ ਕੇ ਲੋਕ ਪੱਖੀ ਤਾਕਤਾਂ ਦਾ ਪੱਖ ਪੂਰਦਾ ਹੈ। ਦੂਜੇ ਬੰਨੇ ਰੂਪਮਤੀ ਦੇ ਪੜਦਾਦਾ ਠਾਕੁਰ ਉਦੈਪਾਲ ਸਿੰਘ ਨੇ ਇਸੇ ਗ਼ਦਰ ਸਮੇਂ ਨਾਨਾ ਫਰਨਵੀਸ ਦੇ ਸਾਥੀਆਂ ਨੂੰ ਆਪਣੀ ਹਵੇਲੀ ਵਿਚ ਪਨਾਹ ਦਿੱਤੀ ਸੀ ਤੇ ਇਸੇ ਦੋਸ਼ ਵਿਚ ਅੰਗਰੇਜ਼ਾਂ ਨੇ ਉਸ ਨੂੰ ਫਾਂਸੀ ਤੇ ਲਟਕਾ ਦਿੱਤਾ ਸੀ। ਉਦੋਂ ਤੋਂ ਹੀ ਰੂਪਮਤੀ ਦੇ ਪਰਿਵਾਰ ਦੀ ਹਵੇਲੀ ਨੂੰ 'ਗ਼ਦਰੀਆਂ ਦੀ ਹਵੇਲੀ' ਕਿਹਾ ਜਾਣ ਲੱਗ ਪਿਆ ਸੀ।

ਸ਼ਿਵ ਸਿੰਘ ਨੰਬਰਦਾਰ ਮਹਿੰਦਰੋ ਦੇ ਭਰਾਵਾਂ ਵਲੋਂ ਜਗਦੀਪ ਦੇ 'ਲੱਛਣਾਂ' ਦੀ ਚਰਚਾ ਕਰਨ ਸਦਕਾ ਨਮੋਸ਼ੀ ਮੰਨ ਰਿਹਾ ਸੀ। ਜਗਦੀਪ ਵੀ ਪਿਓ ਅੱਗੇ ਉਭਾਸਰ ਨਹੀਂ ਸੀ ਰਿਹਾ। ਸ਼ਿਵ ਸਿੰਘ ਦੇ ਮੁਕਾਬਲੇ ਉਹਦੀ ਘਰ ਵਾਲੀ ਭਗਵਾਨ ਕੌਰ ਦਾ ਮਾਟੋ ਸੀ—

'ਮਾਟੀ ਏਕ ਅਨੇਕ ਭਾਂਤ ਕਰ
ਸਾਜੀ ਸਾਜਣ ਹਾਰੇ।'

ਇਸ ਲਈ ਉਹ ਨਵੀਂ ਆਈ ਨੂੰਹ ਅਤੇ ਬਾਲ ਪੋਤਰੇ ਨਾਲ ਡਾਢਾ ਸਨੇਹ ਰੱਖਦੀ ਸੀ। ਪਰ ਪਰਿਵਾਰ ਦੇ ਬਾਕੀ ਜੀਆਂ ਅਤੇ ਮਹਿੰਦਰੋ ਦਾ ਘੁੱਟਿਆ ਵੱਟਿਆ ਰਹਿਣਾ ਰੂਪਮਤੀ ਨੂੰ ਪ੍ਰੇਸ਼ਾਨ ਕਰ ਰਿਹਾ ਸੀ।



Sri Satguru Jagjit Singh Ji eLibrary NamdhariElibrary@gmail.com

ਇਕ ਸਵੇਰ ਜਦੋਂ ਮੀਂਹ ਵਰ੍ਹਕੇ ਹਟਿਆ ਸੀ ਤਾਂ ਸਤਰੰਗੀ ਪੀਂਘ ਨੂੰ ਵੇਖ ਕੇ ਮੰਨੂੰ ਨੂੰ ਚੁੰਮ ਕੇ ਰੂਪਮਤੀ ਸੋਚਾਂ ਵਿਚ ਡੁੱਬ ਗਈ—

"ਉਹਦਾ ਸੱਤ ਮੰਜ਼ਿਲਾ ਅਸਮਾਨ ਤਾਂ ਬਹੁਤ ਦੂਰ ਰਹਿ ਗਿਆ ਸੀ। ਇਹ ਅਸਮਾਨੀ ਮੰਜ਼ਿਲ ਤਾਂ ਕਿਸੇ ਹੋਰ ਦੀ ਹੈ। ਉਹ ਤਾਂ ਓਪਰੀ ਹੈ। ਓਪਰੇ ਦੇਸ ਤੋਂ ਆਈ ਹੈ। ਇਹ ਦੇਸ ਤਾਂ ਮਹਿੰਦਰੋ ਦਾ ਹੈ। ਜਗਦੀਪ ਦਾ ਹੈ। ਪਰਾਈ ਮਿੱਟੀ ਉਹਦੀ ਕੀ ਲੱਗਦੀ ਹੈ। ਉਹਦੇ ਹਿੱਸੇ ਦੀ ਮਿੱਟੀ ਤਾਂ ਪਿੱਛੇ ਰਹਿ ਗਈ।" (........ ਸਫ਼ਾ ੨੦)

ਇਸ ਨਾਵਲ ਦਾ ਥੀਮ ਉਪਰੋਕਤ ਮਨ ਬਚਨੀ ਵਿਚ ਹੀ ਆ ਜਾਂਦਾ ਹੈ। ਬਾਅਦ ਦਾ ਸਾਰਾ ਵਿਸਥਾਰ ਇਸ ਭਾਵ ਨੂੰ ਸਿੱਧ ਕਰਨ ਲਈ ਹੈ। ਮਨੁੱਖ ਰੂਪੀ ਬੂਟੇ ਦੀਆਂ ਜੜ੍ਹਾਂ ਉਸਦੀ ਆਪਣੀ ਮਿੱਟੀ ਵਿਚ ਹੀ ਲੱਗਦੀਆਂ ਹਨ। ਅੱਜ ਦੇ ਬ੍ਰਹਿਮੰਡੀ ਪਿੰਡ ਦੇ ਸੰਕਲਪ ਸਾਹਵੇਂ ਇਹ ਗੱਲ ਭਾਵੇਂ ਪਿੱਛੇ ਖਿੱਚੂ ਜਹੀ ਜਾਪੇ ਪਰ ਇਹ ਇਕ ਮੰਨੀ ਪ੍ਰਮੰਨੀ ਹਕੀਕਤ ਹੈ ਕਿ ਹਰ ਜਣੇ ਨੇ ਜਿਹੜਾ ਇਕ ਸੰਸਾਰ ਆਪਣੇ ਆਲੇ ਦੁਆਲੇ ਸਿਰਜਿਆ ਹੁੰਦਾ ਹੈ, ਉਸ ਦੀਆਂ ਹੱਦਾਂ ਆਪਣਾ ਅਤਿਕ੍ਰਮਣ ਬਰਦਾਸ਼ਤ ਨਹੀਂ ਕਰਦੀਆਂ। ਮਨੁੱਖ ਇਕ ਸੁਤੰਤਰ ਇਕਾਈ ਹੋਕੇ ਵੀ ਆਪਣੀ ਪੂਰਨ ਸੁਤੰਤਰਤਾ ਦਾ ਅਨੁਭਵ ਆਪਣੇ ਚੌਗਿਰਦੇ ਦੀ ਲਛਮਣ ਰੇਖਾ ਵਿਚ ਰਹਿ ਕੇ ਹੀ ਕਰਦਾ ਹੈ। ਪ੍ਰੀਤਮ ਸਿੰਘ ਪੰਛੀ ਨੂੰ ਆਪਣੀ ਅੱਧੀ ਤੋਂ ਕਾਫੀ ਹਿੱਸਾ ਜ਼ਿਆਦਾ ਆਯੂ ਆਪਣੇ ਘਰ ਫਲਪੋਤਾ (ਜਲੰਧਰ) ਅਤੇ ਦੇਸ ਦੁਆਬੇ ਤੇ ਪ੍ਰਾਂਤ ਪੰਜਾਬ ਤੋਂ ਬਾਹਰ ਰਹਿ ਕੇ ਬਿਤਾਉਣੀ ਪਈ ਹੈ। (ਭਾਵੇਂ ਕਿਸੇ ਸਮੇਂ ਦਿੱਲੀ ਨੂੰ ਪੰਜਾਬ ਵਿਚ ਹੀ ਗਿਣਿਆ ਜਾਂਦਾ ਸੀ) ਪਰ ਭੂਗੋਲਿਕ ਤੇ ਸਿਆਸੀ ਕਾਰਨਾਂ ਕਰਕੇ ਇਹ ਪੰਜਾਬ ਤਾਂ ਨਹੀਂ ਸੀ। ਭੋਗੇ ਹੋਏ ਯਥਾਰਥ ਦਾ ਬਿਆਨ ਜਦੋਂ ਪ੍ਰੀਤਮ ਸਿੰਘ ਪੰਛੀ ਵਰਗਾ ਰਚਨਾਕਾਰ ਆਪਣੀ ਕ੍ਰਿਤ ਵਿਚ ਖੁੱਭ ਕੇ ਕਰਦਾ ਹੈ ਤਾਂ ਇਸ ਤਰ੍ਹਾਂ ਦੀ ਉੱਚ ਕੋਟੀ ਦੀ ਲਿਖਤ ਜਨਮ ਲੈਂਦੀ ਹੈ। ਉਸਦੇ ਪਹਿਲੇ ਨਾਵਲ 'ਕੁਦੇਸਣ' ਦਾ ਵਿਸ਼ਾ ਵਸਤੂ ਦੀ ਹੱਥਲੇ ਨਾਵਲ ਨਾਲ ਮੇਲ ਖਾਂਦਾ ਹੈ। ਪੰਜਾਬ ਤੋਂ ਦੂਰ ਦੇ ਹਿੰਦੀ ਭਾਸ਼ੀ ਪ੍ਰਾਂਤਾਂ ਦੀਆਂ ਲੜਕੀਆਂ। ਔਰਤਾਂ ਆਰਥਿਕ ਮੰਦਹਾਲੀ ਕਾਰਨ, ਖਰੀਦੋ-ਫਰੋਖਤ ਦਾ ਸ਼ਿਕਾਰ ਹੁੰਦੀਆਂ ਇਧਰ ਆ ਜਾਂਦੀਆਂ ਹਨ। ਮਾਵਾਂ ਦਾਦੀਆਂ ਵੀ ਬਣ ਜਾਂਦੀਆਂ ਹਨ। ਕਈਆਂ ਨੂੰ ਚੰਗੇ ਪਤੀ/ਪਰਿਵਾਰ ਵੀ ਮਿਲ ਜਾਂਦੇ ਹਨ। ਪਰ ਇਸ ਸਭ ਦੇ ਬਾਵਜੂਦ ਇਕ ਤੜਪ, ਇਕ ਚੀਸ, ਇਕ ਕਸਕ, ਇਕ ਹੂਕ, ਜਿਸ ਵਿਚ ਆਪਣੀ ਮਿੱਟੀ ਦਾ ਮੋਹ ਦਰਜ ਹੁੰਦਾ ਹੈ, ਹਮੇਸ਼ਾਂ ਉਹਨਾਂ ਦੇ ਅੰਦਰੋਂ ਉਠਦੀ ਰਹਿੰਦੀ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਆਲਾ ਦੁਆਲਾ ਉਹਨਾਂ ਨੂੰ ਬਣਦਾ ਸਤਿਕਾਰ ਨਹੀਂ ਦਿੰਦਾ। ਉਹਨਾਂ ਦੇ ਗੁਣਾਂ ਦੀ ਕਦਰ ਨਹੀਂ ਕਰਦਾ। ਨੱਕ ਮੂੰਹ ਚਿੜਾਉਂਦਾ ਰਹਿੰਦਾ ਹੈ ਤੇ ਗੱਲ ਗੱਲ ਤੇ ਇਹ ਮਿਹਣੇ "ਕੁਦੇਸਣ ਹੈ, ਕੁਦੇਸਣ ਹੈ" ਸੁਣਨ ਨੂੰ ਮਿਲਦੇ ਹਨ। ਇਸ ਲਈ ਇਹ ਵਿਚਾਰੀਆਂ ਚਾਹ ਕੇ ਵੀ ਓਪਰੀ ਮਿੱਟੀ ਵਿਚ ਆਪਣੀਆਂ ਜੜ੍ਹਾਂ ਲਾਉਣ ਤੋਂ ਅਸਮਰਥ ਰਹਿੰਦੀਆਂ ਹਨ। ਫਿਰ ਉਹਨਾਂ ਨੂੰ ਪਿਓ ਦਾਦੇ ਦਾ ਦੇਸ, ਮਾਵਾਂ ਨਾਨੀਆਂ ਦੀ ਗੋਦੀ ਵਿਚ ਬੈਠ ਕੇ ਸੁਣੀਆਂ ਪਰੀ ਕਹਾਣੀਆਂ ਅਤੇ ਛੋਟੇ ਹੁੰਦਿਆਂ ਭੈਣਾਂ, ਭਰਾਵਾਂ ਤੇ ਸਖੀਆਂ ਸਹੇਲੀਆਂ ਨਾਲ ਕੀਤੇ ਝੇੜੇ ਬਖੇੜੇ ਯਾਦ ਆਉਂਦੇ ਹਨ। ਸਫਲ ਗ੍ਰਹਿਸਥੀ ਬਿਤਾਉਣ ਤੋਂ ਬਾਦ ਵੀ ਜਿਵੇਂ ਉਹਨਾਂ ਦੇ ਜੀਵਨ ਵਿਚ ਕੋਈ ਖੱਪਾ ਜਿਹਾ ਨਜ਼ਰ ਆਉਂਦਾ ਹੈ। ਇਸ ਖੱਪੇ ਨੂੰ ਪੂਰਦਿਆਂ ਪੂਰਦਿਆਂ ਹੀ ਜੀਵਨ ਦਾ ਤ੍ਰਾਸਦਿਕ ਅੰਤ ਹੋ ਜਾਂਦਾ ਹੈ। ਪੰਜਾਬੀ ਨਾਵਲ ਵਿਚ 'ਕੁਦੇਸਣ' ਦੇ ਵਿਸ਼ੇ ਨੂੰ ਇਸ ਪਰਪੱਕਤਾ ਨਾਲ ਨਿਭਾਉਣ ਸਦਕਾ, ਉਸ ਦੇ ਮਨ ਅੰਤਰ ਦੀ ਪੀੜ ਨੂੰ ਏਨੀ ਸ਼ਿੱਦਤ ਨਾਲ ਬਿਆਨਣ ਕਾਰਨ ਪ੍ਰੀਤਮ ਸਿੰਘ ਪੰਛੀ ਆਪਣਾ ਇਕ ਨਿਵੇਕਲਾ ਸਥਾਨ ਸੁਨਿਸ਼ਚਿਤ ਕਰ ਲੈਂਦਾ ਹੈ।

ਪੰਜਾਬੀ ਵਿਚ ਨਾਵਲ ਦਾ ਮੁੱਢ ਵੀਹਵੀਂ ਸਦੀ ਦੇ ਸ਼ੁਰੂ ਹੋਣ ਨਾਲ ਹੀ ਬੱਝਦਾ ਹੈ ਕਿਉਂਕਿ ਇਸ ਤੋਂ ਮਗਰਲੀ ਸਦੀ ਦੇ ਦੂਜੇ ਅੱਧ ਵਿਚ ਹੀ ਪੰਜਾਬ ਵਿਚ ਛਾਪਖਾਨਾ ਪਹੁੰਚਦਾ ਹੈ ਅਤੇ ਗੁਰਮੁਖੀ ਅੱਖਰਾਂ ਵਿਚ ਪ੍ਰਿੰਟਿੰਗ ਸ਼ੁਰੂ ਹੁੰਦੀ ਹੈ। ਪੱਛਮ ਵਿਚ ਉਦਯੋਗਿਕ ਕ੍ਰਾਂਤੀ ਸਾਡੇ ਨਾਲੋਂ ਕੋਈ ਤਿੰਨ ਕੁ ਸਦੀਆਂ ਪਹਿਲਾਂ ਵਾਪਰੀ ਜਿਸ ਕਾਰਨ ਪੂੰਜੀਪਤੀ ਅਤੇ ਸਰਵਹਾਰਾ, ਸਮਾਜ ਦੇ ਵਿਰੋਧੀ ਜਮਾਤਾਂ ਵਿਚ ਵੰਡਿਆ ਜਾਂਦਾ ਹੈ। ਸਾਮੰਤੀ ਯੁੱਗ ਵਿਚ ਕਿੱਸੇ ਕਹਾਣੀਆਂ, ਮਹਾਂ ਕਾਵਿ, ਨਾਟਕ ਆਦਿ ਤਾਂ ਚਲਦਾ ਹੈ ਪਰ ਨਾਵਲ ਨਹੀਂ। ਨਾਵਲ ਦੀ ਵਿਧਾ ਬਾਰੇ ਪ੍ਰਸਿੱਧ ਪੁਸਤਕ 'ਨਾਵਲ ਅਤੇ ਲੋਕ ਜੀਵਨ' (ਅਨੁਵਾਦਿਕ ਗੁਰਦੀਪ-ਲੋਕਾਇਤ ਪ੍ਰਕਾਸ਼ਨ ਚੰਡੀਗੜ੍ਹ) ਵਿਚ ਰੈਲਫ ਫਾਕਸ ਲਿਖਦਾ ਹੈ—

"ਨਾਵਲ ਸਾਡੀ ਆਪਣੀ ਸੱਭਿਅਤਾ ਦੀ ਰਚਨਾ ਹੈ। ਪ੍ਰਮੁੱਖ ਤੌਰ ਤੇ ਛਾਪੇਖਾਨੇ ਦੀ ਉਪਜ ਹੈ। ....ਨਾਵਲ ਮਹਿਜ਼ ਗਲਪਿਕ ਵਾਰਤਕ ਨਹੀਂ। ਇਹ ਮਨੁੱਖੀ ਜੀਵਨ ਦੀ ਵਾਰਤਕ ਹੈ। ਉਹ ਪਹਿਲੀ ਕਲਾ ਜਿਸਨੇ ਸਮੁੱਚੇ ਮਨੁੱਖ ਨੂੰ ਪ੍ਰਗਟਾਵਾ ਦੇਣ ਦਾ ਜਤਨ ਕੀਤਾ ਹੈ। ਸ੍ਰੀ ਈ. ਐਮ. ਫਾਰਸਟਰ ਨੇ ਦੱਸਿਆ ਹੈ ਕਿ ਨਾਵਲ ਨੂੰ ਹੋਰਨਾਂ ਕਲਾਵਾਂ ਨਾਲੋਂ ਨਖੇੜਨ ਵਾਲਾ ਪ੍ਰਮੁੱਖ ਲੱਛਣ ਇਸਦੀ ਗੁਪਤ ਜੀਵਨ ਨੂੰ ਦ੍ਰਿਸ਼ਟਮਾਨ ਕਰ ਦੇਣ ਦੀ ਸ਼ਕਤੀ ਹੈ। ਇਸ ਲਈ ਇਹ ਕਵਿਤਾ ਜਾਂ ਡਰਾਮੇ ਜਾਂ ਸਿਨੇਮੇ, ਜਾਂ ਚਿੱਤਰਕਾਰੀ, ਜਾਂ ਸੰਗੀਤ ਨਾਲੋਂ ਵੱਖਰੀ ਤਰ੍ਹਾਂ ਦੀ ਵਾਸਤਵਿਕਤਾ ਦਾ ਅਵਲੋਕਨ ਪ੍ਰਸਤੁਤ ਕਰਦਾ ਹੈ।" (.... ਸਫ਼ਾ ੭੦)

ਮਨੁੱਖ ਦੇ ਜੀਵਨ ਵਿਚ ਉਸਦੇ ਜਾਂ ਉਸਦੇ ਪੂਰਵਜਾਂ ਦੇ



Sri Satguru Jagjit Singh Ji eLibrary NamdhariElibrary@gmail.com

ਹੋ ਗੁਜ਼ਾਰੇ ਸਮੇਂ ਦਾ ਵੀ ਮਹੱਤਵ ਹੁੰਦਾ ਹੈ। ਪ੍ਰੰਤੂ ਇਸ ਬਾਰੇ ਹਮੇਸ਼ਾ ਛਾਨਣ ਬੀਨਣ ਦੀ ਪੈਨੀ ਨਜ਼ਰ ਦੀ ਲੋੜ ਹੁੰਦੀ ਹੈ। ਜਗਦੀਪ ਪੂਰਵਜਾਂ ਦੀ ਰਾਜ ਭਗਤੀ ਨੂੰ ਤਿਆਗ ਦਿੰਦਾ ਹੈ ਅਤੇ ਆਮ ਲੋਕਾਂ ਦੇ ਭਲੇ ਹਿਤ ਵਿੱਢੇ ਮੁਜਾਰਾ ਅੰਦੋਲਨ ਵਿਚ ਸ਼ਿਰਕਤ ਕਰਦਾ ਹੈ। ਰੂਪਮਤੀ ਆਪਣੇ ਵਡੇਰਿਆਂ ਦੀ ਇਨਕਲਾਬੀ ਵਿਰਾਸਤ ਨੂੰ ਪੱਲੇ ਬੰਨ੍ਹ ਕੇ ਆਪਣੇ ਆਲੇ ਦੁਆਲੇ ਦੇ ਉਝੜਿਆਂ ਥੁੜਿਆਂ ਦੇ ਜੀਵਨ ਵਿਚ ਖੁਸ਼ਹਾਲੀ ਲਿਆਉਣ ਲਈ ਯਤਨ ਕਰਦੀ ਰਹਿੰਦੀ ਹੈ। ਇਸ ਸੁਆਲ ਨੂੰ ਵੀ ਰੈਲਫ ਫਾਕਸ ਨੇ ਇਉਂ ਵਿਚਾਰਿਆ ਹੈ—

"ਅਤੀਤ ਉਤਨਾ ਹੀ ਮਹੱਤਵਪੂਰਨ ਹੈ, ਜਿੰਨਾ ਵਰਤਮਾਨ। ਅਸੀਂ ਇਸਨੂੰ ਆਪਣੇ ਸਫਰ ਦੇ ਨਾਲ ਲਿਜਾਣਾ ਹੈ ਅਤੇ ਇਸੇ ਲਈ ਸਾਡੀ ਚਿੰਤਾ ਹੈ ਕਿ ਇਸਦਾ ਭਾਰ ਸਾਨੂੰ ਬਾਹਲਾ ਹੇਠਾਂ ਨਾ ਦਬਾ ਲਏ। ਸਾਨੂੰ ਅਤੀਤ ਵਿਚੋਂ ਉਹ ਕੁਝ ਚੁਣ ਲੈਣ ਦੇ ਕਾਬਲ ਹੋਣਾ ਚਾਹੀਦਾ ਹੈ, ਜੋ ਸਹੀ ਹੈ ਅਤੇ ਮਦਦਗਾਰ ਸਾਬਤ ਹੋ ਸਕਦਾ ਹੈ ਅਤੇ ਫਿਲਹਾਲ ਉਸਨੂੰ ਛੱਡ ਦੇਣਾ ਚਾਹੀਦਾ ਹੈ ਜੋ ਸਿਰਫ ਰੁਕਾਵਟ ਹੀ ਬਣਦਾ ਹੈ।" .....(ਉਹੀ ਸਫਾ ੭੧)

ਇਸੇ ਲਈ ਵਣ-ਜੀਵਾਂ ਦੇ ਜ਼ਿੰਦਾ ਰਹਿਣ ਦੇ ਅਧਿਕਾਰ ਨੂੰ ਕਾਇਮ ਰੱਖਣ ਲਈ ਲੇਖਕ ਰਾਜਾ ਭਰਥਰੀ ਦੀ ਕਹਾਣੀ ਕਹਿੰਦਾ ਹੈ ਕਿ ਕਿਵੇਂ ੧੦-੧੧ ਹਿਰਨੀਆਂ ਵਿਚ ਖੇਡਦੇ ਹਿਰਨ ਨੂੰ ਮਾਰਨ ਸਦਕਾ ਗੁਰੂ ਗੋਰਖ ਨਾਥ ਨੇ ਉਸਨੂੰ ਰਾਜ ਭਾਗ ਤਿਆਗ ਦੇਣ ਦਾ ਆਦੇਸ਼ ਦਿੱਤਾ ਸੀ। ਅੱਜ ਦੇ ਯੁੱਗ ਦੇ ਸੱਤਾਧਾਰੀਆਂ, ਵਣ ਮਾਫੀਆ ਅਤੇ ਅਫਸਰਸ਼ਾਹੀ ਦੇ ਨਾਪਾਕ ਗੱਠਜੋੜ ਸਦਕਾ ਹੀ ਸਾਡਾ ਪਰਯਾਵਰਣ ਦਾ ਸੰਤੁਲਨ ਵਿਗੜ ਗਿਆ ਹੈ। ਮੀਂਹ/ਬਰਫ ਘੱਟ ਪੈ ਰਹੀ ਹੈ। ਉਤਰੀ ਭਾਰਤ ਦੇ ਹਰਿਆਲੇ ਮੈਦਾਨਾਂ ਦੀ ਮਾਰੂਥਲਾਂ ਵਿਚ ਬਦਲ ਜਾਣ ਦੀ ਸੰਭਾਵਨਾ ਵਧਦੀ ਜਾਂਦੀ ਹੈ। ਇਸੇ ਤਰ੍ਹਾਂ ਬਿਹਾਰ ਦੇ ਕੋਸੀ ਨਦੀ ਦੇ ਆਂਚਲ ਵਿਚ ਵੀ ਇਸਦਾ ਵਹਿਣ ਮਲਾਹੀ ਬਸਤੀ ਅਤੇ ਉਸ ਦੇ ਆਸ ਪਾਸ ਦੇ ਪਿੰਡਾਂ ਤੋਂ ਵੀਹ ਵੀਹ ਕੋਹ ਪੂਰਬ ਵੱਲ ਪਰੇ ਹਟ ਜਾਣ ਕਾਰਨ 'ਹੇਠਲੇ ਮੈਦਾਨਾਂ ਦਾ ਪਾਣੀ ਸੁੱਕ ਚਲਿਆ ਸੀ।'

ਮਲਾਹੀ ਬਸਤੀ ਦੇ ਕਾਮਗਾਰਾਂ ਦੀ ਮੁੱਖ ਉਪਜੀਵਕਾ ਝੀਲ ਵਿਚੋਂ ਮੱਛੀਆਂ ਫੜਨਾ ਹੀ ਸੀ, ਝੀਲ ਜਿਸਨੂੰ ਉਹ ਪਟੇ ਤੇ ਲੈ ਲੈਂਦੇ ਸਨ। ਕਈ ਜਣੇ ਰਲਕੇ ਝੀਲ ਅਤੇ ਉਸਦਾ ਪੱਛਮੀ ਕੋਹ ਭਰ ਦਾ ਇਲਾਕਾ ਦੇਵਪੁਰਾ ਮੈਥਿਲੀ ਜ਼ਿਮੀਂਦਾਰਾਂ ਦੇ ਕਬਜ਼ੇ ਵਿਚ ਸੀ। ਜ਼ਿਮੀਂਦਾਰੀ ਖਾਤਮੇ ਦੇ ਕਾਨੂੰਨ ਦੀ ਖੁੱਲ੍ਹ ਤਹਿਤ ਉਹ ਝੀਲ ਦੇ ਕੰਢਿਆਂ ਵਾਲੀ ਜ਼ਮੀਨ ਦਵਾਦਵ ਵੇਚ ਰਹੇ ਸਨ। ਝੀਲ ਦੇ ਕੰਢਿਆਂ ਤੋਂ ਦੋ ਤਿਹਾਈ ਦਰਖਤਾਂ ਦਾ ਸਫਾਇਆ ਹੋ ਗਿਆ ਸੀ। ਝੀਲ ਦੇ ਆਸੇ ਪਾਸੇ ਜੰਗਲ ਕੱਟ ਕੇ ਖੇਤੀ ਦਾ ਰਕਬਾ ਵਧਾਇਆ ਜਾ ਰਿਹਾ ਸੀ। ਖਦਸ਼ਾ ਸੀ ਕਿ ਆਉਣ ਵਾਲੇ ੧੦-੧੫ ਸਾਲਾਂ ਵਿਚ ਝੀਲ ਨਹੀਂ ਰਹੇਗੀ। ਇਸ ਤਰ੍ਹਾਂ ਦਾ ਰੂਪਾਂਤਰਣ ਜਗੀਰਦਾਰੀ ਤੋਂ ਸਰਮਾਏਦਾਰੀ ਖੇਤੀਬਾੜੀ ਦੇ ਆਉਣ ਨਾਲ ਵਾਪਰਨਾ ਹੀ ਸੀ। ਇਕ ਤੋਂ ਦੂਸਰੀ ਉਤਪਾਦਨ ਪ੍ਰਣਾਲੀ ਵਿਚ ਸਮਾਜ ਦੇ ਚਲੇ ਜਾਣ ਨਾਲ ਉਸ ਨਾਲ ਸੰਬੰਧਤ ਬਾਹਰੀ ਢਾਂਚੇ ਵਿਚ ਹੋਰ ਵੀ ਤਬਦੀਲੀਆਂ ਵਾਪਰਦੀਆਂ ਹਨ। ਓਪਰੀ ਨਜ਼ਰ ਨਾਲ ਤਾਂ ਇਹ ਕੁਝ ਵੱਖੋ ਵੱਖ ਜਾਪਦਾ ਹੈ, ਪਰ ਹੁੰਦਾ ਇਹ ਅੰਤਰ ਸਬੰਧਿਤ ਹੈ। ਅਸੀਂ ਫਿਰ ਫਾਕਸ ਦੀ ਉਪਰੋਕਤ ਪੁਸਤਕ ਦੇ ਹਵਾਲੇ ਨਾਲ ਇਸ ਤਰ੍ਹਾਂ ਦੀ ਤਬਦੀਲੀ ਨੂੰ ਸਮਝਣ ਦਾ ਯਤਨ ਕਰਾਂਗੇ—

"ਆਪਣੇ ਤੋਂ ਪੂਰਬਲੇ ਸਮਾਜੀ ਸੰਬੰਧਾਂ ਨੂੰ ਤਬਾਹ ਕਰਨ ਵਿਚ ਬੁਰਜੁਆਜ਼ੀ ਨੇ ਜਿਹੜੀ ਇਨਕਲਾਬੀ ਭੂਮਿਕਾ ਨਿਭਾਈ ਹੈ, ਉਸ ਦੀ ਵਿਆਖਿਆ ਕਰਦਿਆਂ ਹੋਇਆ ਮਾਰਕਸ ਅਤੇ ਐਂਗਲਜ਼ ਨੇ "ਕਮਿਊਨਿਸਟ ਮੈਨੀਫੈਸਟੋ" ਵਿਚ ਸੱਭਿਆਚਾਰਕ ਜੀਵਨ ਦੇ ਇਸ ਨਿਘਾਰ ਦੇ ਅਸਲੀ ਕਾਰਨਾਂ ਨੂੰ ਸਪੱਸ਼ਟ ਕਰਦਿਆਂ ਲਿਖਿਆ ਹੈ :

"ਜਿਥੇ ਕਿਤੇ ਵੀ ਬੁਰਜੁਆਜ਼ੀ ਦਾ ਹੱਥ ਉਪਰ ਹੋਇਆ ਹੈ, ਇਸਨੇ ਸਾਰੇ ਜਗੀਰਦਾਰੀ, ਪਿਤਾ ਪੁਰਖੀ ਅਤੇ ਪੇਂਡੂ ਸੰਬੰਧਾਂ ਨੂੰ ਖਤਮ ਕੀਤਾ ਹੈ। ਇਸਨੇ ਉਹਨਾਂ ਵੰਨ ਸੁਵੰਨੇ ਜਾਗੀਰਦਾਰੀ ਬੰਧਨਾਂ ਨੂੰ ਬੇਰਹਿਮੀ ਨਾਲ ਤੋੜ ਕੇ ਟੁਕੜੇ ਟੁਕੜੇ ਕਰ ਦਿੱਤਾ ਹੈ, ਜਿਨ੍ਹਾਂ ਨੇ ਮਨੁੱਖ ਨੂੰ ਉਸਦੇ 'ਕੁਦਰਤੀ ਉਚਿਆਂ' ਨਾਲ ਬੰਨ੍ਹਿਆ ਹੋਇਆ ਸੀ ਅਤੇ ਮਨੁੱਖ ਤੇ ਮਨੁੱਖ ਵਿਚਕਾਰ ਨੰਗੀ ਖੁਦਗਰਜ਼ੀ, ਬੇਰਹਿਮ 'ਨਕਦ ਅਦਾਇਗੀ' ਤੋਂ ਬਿਨਾਂ ਹੋਰ ਕੋਈ ਬੰਧਨ ਨਹੀਂ ਰਹਿਣ ਦਿੱਤਾ। ਇਸਨੇ ਧਾਰਮਿਕ ਉਮਾਹ ਜਾਂਬਾਜ ਉਤਸ਼ਾਹ, ਖਰ੍ਹਵੀ ਉਪਭਾਵਿਕਤਾ ਦੇ ਅਤਿਅੰਤ ਸਵਰਗੀ ਅਨੰਦ ਨੂੰ ਘਮੰਡੀ ਸੁਆਰਥ ਦੇ ਬਰਫੀਲੇ ਪਾਣੀ ਵਿਚ ਡੋਬ ਦਿੱਤਾ ਹੈ। ਵਿਅਕਤੀ ਦੀ ਕਦਰ ਨੂੰ ਇਸਨੇ ਵਟਾਂਦਰੇ ਮੁੱਲ ਵਿਚ ਬਦਲ ਦਿੱਤਾ ਹੈ ਅਤੇ ਅਣਗਿਣਤ ਕਦੇ ਨਾ ਮਨਸੂਖ ਹੋਣ ਵਾਲੇ ਅਧਿਕਾਰਾਂ ਵਾਲੀਆਂ ਆਜ਼ਾਦੀਆਂ ਦੀ ਥਾਂ ਇਕੋ ਇਕ ਬੇਜ਼ਮੀਰੀ ਆਜ਼ਾਦੀ ਆਜ਼ਾਦ ਵਪਾਰ ਨੂੰ ਕਾਇਮ ਕਰ ਦਿੱਤਾ ਹੈ। ਥੋੜ੍ਹੇ ਲਫਜ਼ਾਂ ਵਿਚ, ਧਾਰਮਿਕ ਅਤੇ ਰਾਜਨੀਤਕ ਭਰਮਾਂ ਦੇ ਪਰਦੇ ਓਹਲੇ ਹੁੰਦੀ ਲੁੱਟ ਦੀ ਥਾਂ ਨੰਗੀ, ਚਿੱਟੀ, ਬੇਸ਼ਰਮ, ਸਿੱਧੀ ਵਹਿਸ਼ੀ ਲੁੱਟ ਨੂੰ ਲੈ ਆਂਦਾ ਹੈ।

"ਬੁਰਜੁਆਜ਼ੀ ਨੇ ਹਰੇਕ ਧੰਦੇ ਦੇ ਦੁਆਲਿਉਂ ਜਿਸਨੂੰ ਅਜੇ ਤੱਕ ਇੱਜ਼ਤ ਅਤੇ ਸ਼ਰਧਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ, ਵਡਿਆਈ ਦੀ ਆਭਾ ਨੂੰ ਖਤਮ ਕਰਕੇ ਨੰਗਾ ਕਰ ਦਿੱਤਾ ਹੈ। ਇਸਨੇ ਡਾਕਟਰ, ਵਕੀਲ; ਪੁਜਾਰੀ, ਕਵੀ, ਸਾਇੰਸਦਾਨ ਨੂੰ ਆਪਣੇ ਤਨਖਾਹਦਾਰਾਂ ਵਿਚ ਬਦਲ ਦਿੱਤਾ ਹੈ।" (...ਉਹੀ ਸਫਾ ੧੦੬)


Sri Satguru Jagjit Singh Ji eLibrary NamdhariElibrary@gmail.com

ਝੀਲ ਦੇ ਨਵੇਂ ਖਰੀਦਾਰ ਦੇਵਪੁਰਾ ਦੇ ਜ਼ਿਮੀਂਦਾਰਾਂ ਨੇ ਸਰਕਾਰੇ-ਦਰਬਾਰੇ ਆਪਣੇ ਅਸਰ ਰਸੂਖ ਨੂੰ ਵਰਤਦਿਆਂ ਬਾਵਜੂਦ ਇਸ ਦੇ ਕਿ ਉਹ ਪੰਜ ਹਜ਼ਾਰ ਰੁਪੈ ਲੈ ਕੇ ਮਲਾਹੀ ਬਸਤੀ ਦੇ ਕੁਝ ਲੋਕਾਂ ਨੂੰ ਦੋ ਸਾਲ ਲਈ ਮੱਛੀ ਫੜਨ ਦਾ ਪਟਾ ਦੇ ਚੁੱਕੇ ਹਨ, ਝੀਲ ਤੇ ਦਫਾ ੧੪੪ ਲੁਆਕੇ ਮਾਛੀਆਂ ਨੂੰ ਪ੍ਰੇਸ਼ਾਨ ਕਰਨਾ ਚਾਹੁੰਦੇ ਹਨ। ਇਸ ਤੇ ਉਹ ਆਪਣਾ ਇਕੱਠ ਕਰਦੇ ਹਨ। ਖੇਤੀਬਾੜੀ ਵਿਚ ਨਵੇਂ ਪੂੰਜੀਵਾਦੀ ਸਬੰਧ ਸਥਾਪਿਤ ਕਰਕੇ ਮਾਛੀਆਂ ਦੇ ਮੱਛੀਆਂ ਫੜਨ ਦੇ ਪੁਸ਼ਤੈਨੀ ਹੱਕਾਂ ਨੂੰ ਉਹ ਖੋਹਣਾ ਚਾਹੁੰਦੇ ਹਨ। ਇਸ ਤੇ ਸਭ ਤੋਂ ਵਡੇਰੀ ਉਮਰ ਦਾ ਮਾਛੀ ਮੋਨੂੰ ਬਾਬਾ ਆਪਣੀ ਪ੍ਰਤਿਕ੍ਰਿਆ ਇਉਂ ਬਿਆਨਦਾ ਹੈ--

"ਇਹ ਪਾਣੀ ਹਮੇਸ਼ਾ ਰਿਹਾ ਹੈ। ਕਿਸੇ ਵੀ ਹਾਲਤ ਵਿਚ ਅਸੀਂ ਇਸਨੂੰ ਛੱਡ ਨਹੀਂ ਸਕਦੇ। ਪਾਣੀ ਅਤੇ ਮਿੱਟੀ ਨਾ ਕਦੇ ਵਿਕੇ ਹਨ ਅਤੇ ਨਾ ਕਦੇ ਵਿਕਣਗੇ। ਝੀਲ ਦਾ ਪਾਣੀ ਮਾਮੂਲੀ ਨਹੀਂ, ਇਹ ਸਾਡੇ ਸਰੀਰ ਦਾ ਲਹੂ ਹੈ। ਪ੍ਰਾਣਾਂ ਦਾ ਨਿਚੋੜ ਹੈ।" (....ਆਪਣੇ ਹਿੱਸੇ ਦੀ ਮਿੱਟੀ, ਸਫਾ ੩੯)

ਰੂਪਮਤੀ ਦੇ ਪਿਤਾ ਠਾਕੁਰ ਵਿਜੈ ਸਿੰਘ ਦੀਆਂ ਜ਼ਮੀਨਾਂ ਦਾ ਮੁਖਤਾਰ ਮੋਹਨ ਝਾ ਇਸੇ ਬਸਤੀ ਦੇ ਮੱਛੀਆਂ ਫੜਨ ਵਾਲੇ ਠੇਕੇਦਾਰ ਬਾਪ ਦਾ ਪੁੱਤਰ ਹੈ। ਇਹ ਜ਼ਿਲ੍ਹਾ ਕਾਂਗਰਸ ਦਾ ਸਰਗਰਮ ਮੈਂਬਰ ਵੀ ਰਿਹਾ ਸੀ। ਪਰ "ਲੀਡਰਾਂ ਦਾ ਅੰਦਰਲਾ ਰੂਪ ਦੇਖ ਕੇ ਕਾਂਗਰਸ ਉਸ ਨੂੰ ਭ੍ਰਿਸ਼ਟ ਹੋ ਗਈ ਲੱਗਦੀ ਹੈ ਤੇ ਉਹ ਆਪਣੀਆਂ ਸਰਗਰਮੀਆਂ ਨੂੰ ਮਾਛੀ ਸੰਘ ਤੱਕ ਸੀਮਤ ਕਰ ਦਿੰਦਾ ਹੈ। ਉਸਦੇ ਯਤਨਾਂ ਸਦਕਾ ੧੪੪ ਲਾਉਣ ਆਏ ਅਫਸਰਾਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਮਾਛੀ ਆਪਣੇ ਹੱਕਾਂ ਦੀ ਲੜਾਈ ਵਿਚ ਸਫਲ ਹੁੰਦੇ ਹਨ। ਠਾਕੁਰ ਵਿਜੈ ਸਿੰਘ ਪਿੰਡ ਦੇ ਗਰੀਬਾਂ ਦੇ ਬੱਚਿਆਂ ਲਈ ਸਕੂਲ ਨੂੰ ਪ੍ਰਾਇਮਰੀ ਤੋਂ ਹਾਈ ਤੱਕ ਕਰਵਾ ਲੈਂਦੇ ਹਨ। ਉਹਨਾਂ ਦੀ ਪੁੱਤਰੀ ਆਪਣੀ ਡਾਕਟਰੀ ਦੀ ਪੜ੍ਹਾਈ ਨੂੰ ਜਨ ਸੇਵਾ ਲਈ ਵਰਤਣ ਦਾ ਸੰਕਲਪ ਲਈ ਬੈਠੀ ਹੈ। ਇਸੇ ਇਰਾਦੇ ਨਾਲ ਹੀ ਉਹ ਦੂਜੇ ਦੇਸ਼ "ਪੰਜਾਬ" ਤੋਂ ਇਥੇ ਪਰਤੀ ਹੈ। ਮੋਹਨ ਝਾ ਠਾਕੁਰ ਵਿਜੈ ਸਿੰਘ ਦੀ ਹਵੇਲੀ ਤੇ ਮਲਾਹੀ ਬਸਤੀ ਦੇ ਮਾਛੀਆਂ ਦੇ ਵਿਚਾਲੇ ਇਕ ਪੁਲ ਹੈ।

ਬਸਤੀ ਦੇ ਮਾਛੀਆਂ ਦੇ ਪਸ਼ੂ ਗਰੀਬ ਕਿਸਾਨਾਂ ਦੇ ਖੇਤਾਂ ਵਿਚ ਕਦੇ ਕਦੇ ਉਜਾੜਾ ਕਰਦੇ ਹਨ। ਜਿਸ ਤੇ ਉਹ ਔਖੇ ਹਨ। ਇਹ ਮਸਲਾ ਮੋਹਨ ਝਾ ਰੂਪਮਤੀ ਸਾਂਹਵੇਂ ਰੱਖਦਾ ਹੈ। ਜਿਸ ਦਾ ਹੱਲ ਉਹ ਆਪਣੇ ਖੇਤਾਂ ਵਿਚਲੀਆਂ ਚਰਾਂਦਾ ਵਿਚ ਮਾਛੀਆਂ ਨੂੰ ਪਸ਼ੂ ਚਾਰਨ ਦੀ ਖੁੱਲ੍ਹ ਦੇ ਕੇ ਕਰਦੀ ਹੈ। ਸ਼ੋਸ਼ਿਤ ਵਰਗਾਂ ਦੀ ਏਕਤਾ ਦਾ ਇਹ ਇਕ ਚੰਗਾ ਤਰੀਕਾ ਹੈ। ਪਰ ਸੁਆਲ ਇਹ ਵੀ ਉਠਦਾ ਹੈ ਕਿ ਇਸ ਤਰ੍ਹਾਂ ਦੇ ਦੇਸ਼ ਭਗਤੀ ਦੀ ਵਿਰਾਸਤ ਵਾਲੇ ਕਿੰਨੇ ਕੁ ਵੱਡੇ ਕਿਸਾਨ ਜਾਂ ਜਗੀਰਦਾਰ ਹਨ ਜੋ ਆਪਣੇ ਉਜਾੜੇ ਦੀ ਕੀਮਤ ਤੇ ਪੇਂਡੂ ਗਰੀਬਾਂ ਦੇ ਏਕੇ ਲਈ ਸਰਗਰਮੀ ਵਿਖਾਉਂਦੇ ਹਨ।

ਹਿੰਦ ਹਿਤਕਾਰੀ ਸਮਾਜ, ਜੋ ਕੋਸੀ ਬੰਨ੍ਹ ਪਰਿਯੋਜਨਾ ਤੇ ਸਰਕਾਰ ਦੇ ਕਰੋੜਾਂ ਰੁਪੈ ਖਰਚ ਕਰਵਾਉਂਦਾ ਹੈ, ਸ਼੍ਰਮਦਾਨ ਦੇ ਨਾਂ ਤੇ ਬਿਕਾਰ ਦੇ ਗਰੀਬ ਕਾਮਿਆਂ ਨਾਲ ਜੋ ਭੱਦਾ ਮਜ਼ਾਕ ਕਰਦਾ ਹੈ ਉਸ ਤੇ ਲੇਖਕ ਉਸਨੂੰ 'ਪੇਟ ਹਿਤਕਾਰੀ ਸਮਾਜ' ਦਾ ਨਾਂ ਦਿੰਦਾ ਹੈ। ਵੱਡੇ ਲੋਕਾਂ ਦਾ ਸਿਰਫ ਸਿਰ ਤੇ ਟੋਕਰੀ ਫੋਟੋ ਲੁਹਾਉਣ ਸਮੇਂ ਹੀ ਚੁੱਕਣਾ ਅਤੇ ਗਰੀਬਾਂ ਨੂੰ ਹਫਤਾ ਹਫਤਾ ਬਿਨਾਂ ਮਜ਼ਦੂਰੀ ਤੋਂ 'ਸ਼੍ਰਮਦਾਨ' ਕਰਵਾਉਣਾ। ਜਦੋਂ ਕਿਤਿਉਂ ਹੁਦਾਰ ਵੀ ਸੀਧਾ ਨਾ ਮਿਲਣਾ ਉਹਨਾਂ ਵਿਚਾਰਿਆਂ ਨੱਸਣਾ ਹੀ ਸੀ। ਸਾਡੇ ਪੰਜਾਬੀ ਦੇ ਯੁੱਗ ਕਵੀ, ਪ੍ਰੋ. ਮੋਹਨ ਸਿੰਘ ਹੋਰਾਂ ਵੀ 'ਭੂਦਾਨ' ਅਤੇ 'ਸ਼੍ਰਮਦਾਨ' ਜੋ ਦੇਸ਼ ਵਿਚ ਚੱਲ ਰਹੇ ਇਨਕਲਾਬੀ ਭੂਮੀ ਘੋਲਾਂ ਨੂੰ ਸਾਬੋਤਾਜ ਕਰਨ ਲਈ ਸਰਕਾਰੀ ਤੰਤਰ ਦੇ ਮੰਤਰ ਸਨ, ਇਹਨਾਂ ਦਾ ਇਉਂ ਮਜ਼ਾਕ ਉਡਾਇਆ ਸੀ—

"ਭੂ-ਦਾਨ" ਕਰਦਾ ਅਤੇ "ਸ਼ਰਮ-ਦਾਨ" ਮੰਗਦਾ,
ਬਣੀਏ ਸਮਾਜ ਦਾ ਕਿਹਾ ਖਚਰਾ ਗਵੇੜ ਹੈ।"

ਇਸ ਨਾਵਲ ਦਾ ਕਥਾਨਕ ਆਜ਼ਾਦੀ ਪ੍ਰਾਪਤੀ ਤੋਂ ਬਾਦ ਦੇ ਦੋ ਕੁ ਦਹਾਕਿਆਂ ਵਿਚ ਫੈਲਿਆ ਹੋਇਆ ਹੈ। ਨਵੇਂ ਜ਼ਰਈ ਸੰਬੰਧ ਖੇਤੀਬਾੜੀ ਦੇ ਖੇਤਰ ਵਿਚ ਤੇਜ਼ੀ ਨਾਲ ਲਾਗੂ ਹੋ ਰਹੇ ਹਨ। ਜਿਵੇਂ ਜਿਵੇਂ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਉਸੇ ਹਿਸਾਬ ਨਾਲ ਹੀ ਲੋਕਾਂ ਦੀ ਸੋਚ ਅਤੇ ਰਹਿਣੀ ਬਹਿਣੀ, ਸਾਹਿਤ-ਸੱਭਿਆਚਾਰ ਦਾ ਵਿਕਾਸ ਵੀ ਪ੍ਰਤੱਖ ਹੁੰਦਾ ਹੈ। ਪੈਦਾਵਾਰ ਦੇ ਸੰਦ ਪਹਿਲਾਂ ਵਿਕਸਿਤ ਹੁੰਦੇ ਹਨ। ਫਿਰ ਇਹਨਾਂ ਸੰਦਾਂ ਨੂੰ ਵਰਤਣ ਵਾਲਿਆਂ ਦਾ ਬੌਧਿਕ ਵਿਕਾਸ ਉਸੇ ਮਾਤਰਾ ਵਿਚ ਹੁੰਦਾ ਰਹਿੰਦਾ ਹੈ। ਪੁਰਾਣੇ ਰਸਮਾਂ ਰਿਵਾਜਾਂ ਦੀ ਥਾਂ ਤੇ ਵੀ ਕਈ ਕੁਝ ਨਵਾਂ ਵੇਖਣ ਨੂੰ ਮਿਲਦਾ ਹੈ। ਇਹ ਸੁਤੰਤਰਤਾ ਬਾਦ ਦੇ ਵਿਕਾਸ ਦਾ ਹੀ ਤਾਂ ਨਤੀਜਾ ਸੀ ਕਿ ਪੰਜਾਬ ਦੇ ਜੱਟ ਕਿਸਾਨਾਂ ਦਾ ਲੜਕਾ ਪੜ੍ਹਨ ਲਈ ਪਟਨੇ ਚਲਾ ਜਾਂਦਾ ਹੈ ਅਤੇ ਉਥੇ ਬਿਹਾਰੀ ਰਾਜਪੂਤਾਂ ਦੀ ਲੜਕੀ ਨਾਲ ਅੰਤਰ-ਜਾਤੀ ਵਿਆਹ ਕਰਵਾ ਲੈਂਦਾ ਹੈ। ਪੰਜਾਬ ਦੇ ਜੱਟ ਤਾਂ ਇਸ ਮਾਮਲੇ ਵਿਚ ਵੈਸੇ ਪਹਿਲੋਂ ਵੀ ਕਾਫੀ ਖੁੱਲ੍ਹ ਖੇਡ ਲੈਂਦੇ ਰਹੇ, ਪਰ ਕਥਿਤ ਰਾਜਪੂਤੀ ਅਣਖ ਤੇ ਮਰ ਮਿਟਣ ਵਾਲਿਆਂ ਲਈ ਆਪਣੀ ਲੜਕੀ ਨੂੰ ਇਸਦੀ ਆਗਿਆ ਦੇਣੀ ਬਦਲੀਆਂ ਪ੍ਰਸਥਿਤੀਆਂ ਕਰਕੇ ਅਤੇ ਦੂਜਾ ਉਸ ਰਾਜਪੂਤ ਪਰਿਵਾਰ ਦੀ ਦੇਸ਼ ਭਗਤ ਵਿਰਾਸਤ ਅਤੇ ਉਹਨਾਂ ਦੇ ੧੯੫੭ ਦੇ ਗ਼ਦਰ ਵਿਚ ਭਾਗ ਲੈਣ ਤੋਂ ਬਾਦ ਸਰਕਾਰੀ ਦਮਨ ਸਦਕਾ ਰਾਜਸਥਾਨ ਵਿਚ ਘੁਮੰਤੂ ਕਬੀਲੇ ਦਾ ਜੀਵਨ ਬਿਤਾਉਣ ਕਰਕੇ ਵੀ ਸੰਭਵ ਹੋ ਸਕਦਾ ਹੈ। ਵਰ੍ਹਿਆਂ ਬੱਧੀ ਆਪਣੀ ਮਾਤ-ਭੂਮੀ ਤੋਂ ਦੂਰ ਰਹਿਣ ਨਾਲ



Sri Satguru Jagjit Singh Ji eLibrary NamdhariElibrary@gmail.com

ਵੀ ਸੰਸਕਾਰਾਂ ਦੀ ਪਕੜ ਕੁਝ ਘੱਟ ਪੀਡੀ ਹੋ ਜਾਂਦੀ ਹੈ।

ਪੰਜਾਬ ਦੇ ਜਨ ਜੀਵਨ ਵਿਚ, ਅਜ਼ਾਦੀ ਤੋਂ ਬਾਦ ਜਗੀਰਦਾਰੀ ਪ੍ਰਬੰਧ ਖਤਮ ਹੋਣ ਅਤੇ ਭੋਇੰ ਹਲਵਾਹਕ ਨੂੰ ਮਿਲਣ ਦੇ ਕਾਨੂੰਨ ਆਦਿਕ ਬਣਨ ਕਾਰਨ, ਕਾਫੀ ਤਬਦੀਲੀਆਂ ਵਾਪਰਦੀਆਂ ਹਨ। ਸਦੀਆਂ ਤੋਂ ਮੁਜ਼ਾਰਗੀ ਦੀ ਗੈਰ ਮਨੁੱਖੀ ਜੂਨ ਹੰਡਾ ਰਿਹਾ ਪੰਜਾਬੀ ਕਿਸਾਨ ਭੌਂ ਦਾ ਮਾਲਕ ਬਣਨ ਬਾਦ ਆਪਣੇ ਵਿਅਕਤਤਵ ਦੀ ਸੰਪੂਰਨਤਾ ਨੂੰ ਵੀ ਅਨੁਭਵ ਕਰਦਾ ਹੈ ਅਤੇ ਉਸਦੀ ਜੀਵਨ ਸ਼ੈਲੀ ਵਿਚ ਵੀ ਬਦਲਾਓ ਆਉਂਦਾ ਹੈ। ਖੂਹਾਂ ਦੀ ਜਗਾਹ ਪਾਵਰ ਮੋਟਰਾਂ ਲੈ ਲੈਂਦੀਆਂ ਹਨ ਅਤੇ ਬੈਲਾਂ ਦੇ ਹਲ ਦੀ ਥਾਂ ਟਰੈਕਟਰ। ਪੈਲੀਆਂ ਦਾ ਹਰ ਚੱਪਾ ਚੱਪਾ ਵੀ ਕਾਸ਼ਤ ਹੇਠ ਆ ਜਾਂਦਾ ਹੈ। ਸਾਂਝੀਆਂ ਸ਼ਾਮਲਾਤਾਂ, ਸੰਘਣੇ ਰੁੱਖਾਂ ਦੀਆਂ ਝੰਗੀਆਂ ਵਿਚ ਗੂੰਜਦਾ ਪੰਛੀਆਂ ਦਾ ਇਲਾਹੀ ਸੰਗੀਤ ਹੁਣ ਅਲੋਪ ਹੋ ਰਿਹਾ ਹੈ। ਇਸ ਤਬਦੀਲੀ ਨੂੰ ਲਿਆਉਣ ਵਿਚ ਜਿਹੜੇ ਲੋਕ ਹਿੱਸਾ ਪਾਉਂਦੇ ਹਨ ਉਹ ਵੇਲੇ ਦੀਆਂ ਅਗਰਗਾਮੀ ਸ਼ਕਤੀਆਂ ਨਾਲ ਆਪਣੀ ਤਕਦੀਰ ਜੋੜਦੇ ਹਨ। ਪੁਰਾਣਾ ਜਗੀਰਦਾਰੀ ਪ੍ਰਬੰਧ ਬੀਤੇ ਵੇਲੇ ਦੀ ਗੱਲ ਬਣਦਾ ਜਾ ਰਿਹਾ ਹੈ। ਲੇਖਕ ਨੇ ਪ੍ਰਕਿਰਤੀ ਚਿਤਰਨ ਦੇ ਮਾਧਿਅਮ ਦੁਆਰਾ ਸਾਮੰਤੀ ਪ੍ਰਬੰਧ ਦੀ ਪੱਤਝੜ ਨੂੰ ਹੀ ਤਾਂ ਇਉਂ ਬਿਆਨਿਆ ਹੈ—

"ਪੱਤਝੜ ਦੇ ਆਉਂਦਿਆਂ ਹੀ ਵਿਸਵੇਦਾਰਾਂ ਦੀ ਹਵੇਲੀ ਦੇ ਆਸ ਪਾਸ ਕਬਰਾਂ ਜਹੀ ਚੁੱਪ ਵਰਤ ਗਈ। ਪੱਤਝੜ ਨੇ ਪੱਤਿਆਂ ਦਾ ਸਾਰਾ ਰਸ ਚੂਸਕੇ ਉਹਨਾਂ ਵਿੱਚ ਪੀਲੱਤਣ ਘੋਲ ਦਿੱਤੀ ਸੀ। ਰੁੰਡ-ਮੁੰਡ ਰੁੱਖ ਇੰਜ ਡੋਲ ਰਹੇ ਸਨ, ਜਿਵੇਂ ਉਹਨਾਂ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਹੋਣ ਅਤੇ ਉਹ ਨਵੇਂ ਪੱਤਿਆਂ ਨੂੰ ਜਨਮ ਦੇਣ ਤੋਂ ਬਾਂਝ ਕਰ ਦਿੱਤੇ ਹੋਣ।"...... (ਉਹੀ ਸਫਾ ੬੦)

ਰਾਜੇਵਾਲ ਪਿੰਡ ਦੇ ਬਿਸਵੇਦਾਰ ਕਾਕਾ ਹਰਅਮੋਲ ਸਿੰਘ ਦੀ ਨਸ਼ਿਆਂ ਦੇ ਜ਼ਿਆਦਾ ਸੇਵਨ ਨਾਲ ਮੌਤ ਹੋ ਜਾਂਦੀ ਹੈ। ਉਸਦੀ ਦਾਦੀ ਰਾਜ ਕੌਰ ਹੁਣ ਇਕੱਲੀ ਹਵੇਲੀ ਦੀ ਟੈਰੇਸ ਤੇ ਆਪਣੀ ਬੰਦੂਕ ਲਈ ਘੁੰਮਦੀ ਹੈ। ਜਿਸਦੇ ਕਾਰਤੂਸ ਲੇਖਕ ਅਨੁਸਾਰ ਕਦੇ ਦੇ ਫਿਊਜ਼ ਹੋ ਚੁੱਕੇ ਹਨ। ਮਿਲਖੀ ਬਾਣੀਆਂ ਜਿਸ ਦੀ ਦਾਦੀ ਰਾਜ ਕੌਰ ਕਰਜ਼ਾਈ ਵੀ ਹੈ, ਲੰਬੜਦਾਰ ਦੇ ਮੁੰਡੇ ਜਗਦੀਪ ਦੀਆਂ ਮੁਜਾਰਿਆਂ ਨੂੰ ਇਕੱਠਿਆਂ ਕਰਕੇ, ਦਾਦੀ ਰਾਜ ਕੌਰ ਦੀਆਂ ਜ਼ਮੀਨਾਂ ਜਾਇਦਾਦਾਂ ਤੇ ਕਬਜੇ ਕਰਨ ਦੀਆਂ ਯੋਜਨਾਵਾਂ ਦੀ, ਕੁਝ ਮੋਹਰਾਂ ਰਿਸ਼ਵਤ ਵਜੋਂ ਲੈ ਕੇ ਜਾਣਕਾਰੀ ਦਿੰਦਾ ਹੈ। ਨਾਵਲ ਦੇ ਇਸ ਕਾਂਡ ਨੂੰ ਪੰਛੀ ਨੇ ਫਿਰ ਕਲਾਤਮਕ ਛੋਹਾਂ ਨਾਲ ਚਿਤਰ ਕੇ ਸਮਾਪਤ ਕੀਤਾ ਹੈ, ਜਿਸ ਵਿਚ ਉਸਦਾ ਪ੍ਰਕਿਰਤੀ ਚਿਤਰਨ ਜਿਸਦੇ ਦੋਹਰੇ ਅਰਥ, ਜਗੀਰੂ ਪ੍ਰਬੰਧ ਦੀ ਮੌਤ ਵਜੋਂ ਨਿਕਲਦੇ ਹਨ, ਸਿਖਰਾਂ ਛੋਹ ਰਿਹਾ ਹੈ—

"ਇਸ ਵਾਰ ਪੱਤਝੜ ਦਾ ਅੰਤ ਆਉਣ ਵਿਚ ਨਹੀਂ ਸੀ ਆਉਂਦਾ। ਰੁੱਖਾਂ ਨਾਲੋਂ ਪੀਲੇ ਪੱਤੇ ਅਤੇ ਸੁੱਕੀਆਂ ਟਾਹਣੀਆਂ ਟੁੱਟ-ਟੁੱਟ ਕੇ ਖਿੱਲਰਦੀਆਂ ਰਹਿੰਦੀਆਂ। ਰੇਤ ਦੇ ਟਿੱਬਿਆਂ ਤੋਂ ਵਾਅ-ਵਰੋਲੇ ਉੱਡ ਕੇ ਅਸਮਾਨ ਨੂੰ ਮਟਮੈਲਾ ਬਨਾਉਣ ਲੱਗ ਪਏ ਸਨ। ਰੁੱਖਾਂ ਤੇ ਦਿਨ ਨੂੰ ਵੀ ਚਮਗਿੱਦੜ ਲਟਕੇ ਰਹਿੰਦੇ। ਚਹੁੰ ਪਾਸੀਂ ਕਬਰਾਂ ਜਹੀ ਚੁੱਪ ਵਰਤੀ ਰਹਿੰਦੀ। ਟੁੱਟਦੇ ਲੜਦੇ ਪੀਲੇ ਪੱਤਿਆਂ ਦੀ ਖੜਖੜ ਦੀ ਆਵਾਜ਼ ਪਹਿਲਾਂ ਵਾਂਗ ਸੁਣਾਈ ਦਿੰਦੀ ਸੀ। ਪਰ ਹੁਣ ਉਹਨਾਂ ਨੂੰ ਹੂੰਝਣ ਵਾਲਾ ਕੋਈ ਨਹੀਂ ਸੀ ਰਿਹਾ।"(.....ਉਹੀ, ਸਫਾ ੬੩)

ਵੇਲਾ ਵਿਹਾ ਚੁੱਕੇ ਪੂੰਜੀਵਾਦੀ ਪ੍ਰਬੰਧ ਦੀ, ਟਾਹਣੀ ਨਾਲ ਜੁੜੇ ਰਹਿਣ ਦੀ ਅਸਫਲ ਕੋਸ਼ਿਸ਼ ਕਰਦੇ, ਪੀਲੇ ਪੱਤੇ ਨਾਲ ਪ੍ਰੋ. ਮੋਹਨ ਸਿੰਘ ਹੋਰਾਂ ਵੀ ਤੁਲਨਾ ਕੀਤੀ ਸੀ, ਕਿਉਂ ਜੁ ਇਸ ਪੱਤੇ ਦਾ ਹਸ਼ਰ ਹੁਣ ਸਭ ਨੂੰ ਪਤਾ ਹੈ—

"ਪਰ ਇਕ ਛਿੱਜਿਆ ਦੁਰਬਲ ਪੱਤਾ<br>
ਮੁਰਝਾਇਆ ਤੇ ਪੀਲਾ।<br>
ਟਾਹਣੀ ਨਾਲ ਚਮੁੱਟੇ ਰਹਿਣ ਦਾ<br>
ਕਰਦਾ ਜਾਪੇ ਹੀਲਾ।"

ਜਗਦੀਪ ਦਾ ਲੰਗੋਟੀਆ ਮਿੱਤਰ ਉਸੇ ਪਿੰਡ ਦੇ ਸਰਪੰਚ ਜਗੀਰ ਸਿੰਘ ਦਾ ਲੜਕਾ ਮੰਗਲ ਹੈ, ਜਿਸਦੀ ਮੰਗੇਤਰ ਆਪਣੀ ਮਾਂ ਨਾਲ ਹਰਦੁਆਰ ਤੀਰਥ ਕਰਨ ਗਈ ਵਾਪਸ ਨਹੀਂ ਆਉਂਦੀ ਹੈ। ਉਸ ਨੂੰ ਵੀ ਹਾਲਾਤ ਨੇ ਉਸ ਦੀ ਆਪਣੀ ਮਿੱਟੀ ਤੋਂ ਦੂਰ ਪਤਾ ਨਹੀਂ ਕਿੱਥੇ ਪਟਕ ਦਿਤਾ ਹੈ। ਜਗਦੀਪ ਤੇ ਮੰਗਲ ਹਰਦੁਆਰ ਦੀ ਨਿਸਫਲ ਯਾਤਰਾ ਵੀ ਕਰ ਆਉਂਦੇ ਹਨ ਤੇ ਫਿਰ ਮੰਗਲ ਆਪਣੀ ਮੰਗੇਤਰ ਸੋਨੂੰ ਦੀ ਭਾਲ ਵਿਚ ਪ੍ਰਦੇਸੀ ਮਿੱਟੀ ਵੱਲ ਤੁਰ ਪੈਂਦਾ ਹੈ। ਲੇਖਕ ਮੰਗਲ ਨੂੰ ਹਵਾ ਹੋ ਗਿਆ ਹੀ ਚਿਤਰਦਾ ਹੈ—

"ਮੰਗਲ ਦੀ ਭਟਕਣਾ ਉਸ ਨੂੰ ਟਿਕਣ ਨਹੀਂ ਸੀ ਦੇ ਰਹੀ। ਉਹ ਕੁਝ ਚਿਰ ਪਿੰਡ ਟਿਕਦਾ ਅਤੇ ਫਿਰ ਲੰਮੇ ਸਫਰਾਂ ਤੇ ਨਿਕਲ ਪੈਂਦਾ।

ਪੂਰਬ, ਪੱਛਮ ਤੇ ਦੱਖਣ ਤਿੰਨੇ ਦਿਸ਼ਾਵਾਂ ਵਿਚ ਭਾਂਤ ਭਾਂਤ ਦੇ ਲੋਕ ਕਾਲੇ, ਗੋਰੇ, ਸਾਂਵਲੇ ਸਿਲੌਨੇ, ਲੰਮੇ ਤੇ ਮੱਧਰੇ।

ਸੂਰਜ ਉਹਨਾਂ ਉਤੇ ਸੁਨਹਿਰੀ ਕਿਰਨਾਂ ਛਿੜਕਦਾ। ਵਰ੍ਹਦੇ ਬੱਦਲ, ਚਮਕਦੇ ਦਿਨ, ਹਨੇਰੀਆਂ ਰਾਤਾਂ, ਦੇਸ ਦੀ ਪਰਿਕਰਮਾ ਅਤੇ ਰੋਸ਼ਨ ਸ਼ਾਮਾਂ ਉਸਨੂੰ ਅੱਗੇ ਤੋਂ ਅੱਗੇ ਚਲਾਈ ਜਾਂਦੀਆਂ।" (.......ਉਹੀ, ਸਫਾ ੪੯)

ਭਾਵਕੁਤਾਵੱਸ ਘੁੰਮਣ ਵਾਲਾ ਮੰਗਲ, ਇਹਨਾਂ ਲੰਮੇ ਸਫਰਾਂ ਵਿਚ ਮਿਲਣ ਵਾਲੀਆਂ ਵੱਖ-ਵੱਖ ਨਸਲਾਂ ਅਤੇ ਬੀਤੇ ਦੇ ਸਮਾਰਕਾਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਪਰ ਉਹ ਸਾਰੀ ਉਮਰ ਸੋਨੂੰ ਦੇ ਖਿਆਲ ਤੋਂ ਮੁਕਤ ਨਹੀਂ ਹੋ ਸਕਦਾ। ਭਾਵੇਂ ਉਸਦੇ ਮਿੱਤਰ ਜਗਦੀਪ ਨੇ ਕਿਹਾ ਸੀ :



Sri Satguru Jagjit Singh Ji eLibrary NamdhariElibrary@gmail.com

"ਕਮਲਾ, ਐਵੇਂ ਆਪਣੀ ਦੇਹ ਗਾਲਦਾ ਰਿਹਾ। ਹਾਦਸੇ ਤਾਂ ਜ਼ਿੰਦਗੀ ਦਾ ਹਿੱਸਾ ਹਨ, ਪਰ ਜ਼ਿੰਦਗੀ ਤਾਂ ਚੱਲਦੀ ਰਹਿੰਦੀ ਹੈ। ਹਾਦਸੇ ਆਪਣਾ ਨਿਸ਼ਾਨ ਜ਼ਰੂਰ ਛੱਡ ਜਾਂਦੇ ਹਨ। ਜ਼ਿੰਦਗੀ ਤਾਂ ਇਕ ਅਰੁੱਕ ਵਹਿਣ ਹੈ। ਭਲਾ ਵਗਦੇ ਪਾਣੀਆਂ ਨੂੰ ਵੀ ਕੋਈ ਠੱਲ੍ਹ ਸਕਿਆ ਹੈ।" (...ਉਹੀ, ਸਫਾ ੮੫)

ਫਿਰ ਇਕ ਦਿਨ ਕਾਲ ਪੀੜਤ ਰਾਜਸਥਾਨੀ ਬਾਗੜੀਆਂ ਦੀਆਂ ਵਹੀਰਾਂ ਰਾਜੇਵਾਲ ਵੱਲ ਆਉਂਦੀਆਂ ਹਨ। ਆਪਣੇ ਢੋਰ ਡੰਗਰਾਂ ਲਈ ਚਾਰਾ ਪਾਣੀ ਅਤੇ ਆਪਣੇ ਲਈ ਅੰਨ ਜਲ ਦੀ ਭਾਲ ਵਿਚ। ਇਹਨਾਂ ਦਾ ਇਕ ਕਾਫ਼ਲਾ ਕੁਝ ਦਿਨਾਂ ਤੋਂ ਇੱਥੇ ਟਿਕਿਆ ਹੋਇਆ ਸੀ। ਜਾਣ ਲੱਗਾ ਪੰਜਾਬ ਦੇ ਅਗਲੇ ਜ਼ਿਲ੍ਹਿਆਂ ਨੂੰ ਇਕ ਸੁੰਦਰ ਨੈਣ-ਨਕਸ਼ ਵਾਲਾ ਅੱਠ ਕੁ ਸਾਲਾ ਜੋਤਹੀਨ ਬਾਲਕ ਇੱਥੇ ਛੱਡ ਗਿਆ। ਜਗਦੀਪ ਦੀ ਮਾਤਾ ਬੇਜੀ ਭਗਵਾਨ ਕੌਰ ਨੇ ਉਸਦੇ ਬਚਪਨ ਦੇ ਕੱਪੜੇ ਇਸ ਬਾਲਕ ਨੂੰ ਲਿਆ ਦਿਤੇ। ਉਹ ਗੁਰਦੁਆਰੇ ਦੀਆਂ ਬਰੂਹਾਂ ਵਿਚ ਬੈਠਾ ਰਹਿੰਦਾ ਸੀ ਜਿੱਥੋਂ ਆਉਂਦੀਆਂ ਜਾਂਦੀਆਂ ਮਾਈਆਂ ਉਸ ਨੂੰ ਆਪਣੇ ਹਿੱਸੇ ਦੀ ਦੇਗ ਵਿਚੋਂ ਕੁਝ ਕੁ ਹਿੱਸਾ ਕੱਢ ਦਿੰਦੀਆਂ ਤੇ ਇਉਂ ਉਹ ਤ੍ਰਿਪਤ ਹੋ ਜਾਂਦਾ। ਇਕ ਦਿਨ ਬੇਜੀ ਭਗਵਾਨ ਕੌਰ ਸੋਚਦੇ ਹਨ ਕਿ ਕਿਉਂ ਨਾ ਇਸ ਲੜਕੇ ਨੂੰ ਉਹ ਘਰ ਲੈ ਜਾਵੇ। ਜਦੋਂ ਇਹ ਸੋਚ ਕੇ ਗੁਰਦੁਆਰੇ ਪੁੱਜੇ ਤਾਂ ਲੜਕਾ ਉੱਥੇ ਨਹੀਂ ਸੀ। ਰਾਜਸਥਾਨ ਵਿਚ ਮੀਂਹ ਪੈ ਗਿਆ ਸੀ। ਉਹਨਾਂ ਦਾ ਕਾਫਲਾ ਮੁੜਦਾ ਹੋਇਆ ਜਦੋਂ ਉੱਥੋ ਲੰਘਿਆ ਹੋਵੇਗਾ ਤਾਂ ਉਸਨੂੰ ਨਾਲ ਲੈ ਗਿਆ ਹੋਵੇਗਾ। ਉਹ ਲੜਕਾ ਵੀ ਭਾਵੇਂ ਇੱਥੇ ਬੇਜੀ ਉਸਦੀ ਕਿੰਨੀ ਖਾਤਰਦਾਰੀ ਕਰਦੇ ਸਨ, ਜਿਹਨਾਂ ਦੇ ਪੈਰਾਂ ਦੀ ਬਿੜਕ ਨੂੰ ਵੀ ਉਹ ਪਛਾਨਣ ਲੱਗ ਪਿਆ ਸੀ, ਪਰ ਆਪਣੀ ਮਿੱਟੀ ਵਿਚ ਪੁੱਜ ਕੇ ਜੋ ਮਾਨਸਿਕ ਸੰਤੁਸ਼ਟੀ ਉਸਨੂੰ ਹੋਈ ਸੀ ਉਹ ਇੱਥੇ ਕਿੱਥੇ। ਨਹੀਂ ਤਾਂ ਉਹ ਲੜਕਾ ਕਾਫਲੇ ਵਾਲਿਆਂ ਨਾਲ ਰਲਣ ਤੋਂ ਆਲਾ ਟਾਲਾ ਕਰ ਸਕਦਾ ਸੀ।

ਕੁੱਝ ਪਾਤਰ ਐਸੇ ਵੀ ਹੁੰਦੇ ਹਨ ਜੋ ਓਪਰੀ ਮਿੱਟੀ ਵਿਚ ਵੀ ਆਪਣੀਆਂ ਜੜ੍ਹਾਂ ਲਾ ਲੈਂਦੇ ਹਨ। ਇਹ ਨਾਵਲ ਦੇ ਮੁੱਖ ਥੀਮ ਤੋਂ ਰਤਾ ਅੱਪਵਾਦ ਵੀ ਜਾਪਦਾ ਹੈ ਪਰ ਇਸ ਦੀਆਂ ਮਨੋਵਿਗਿਆਨਕ ਤਹਿਆਂ ਵਿਚ ਲੁਕੇ ਹੋਰ ਕਾਰਜਾਂ ਨੂੰ ਪਛਾਣ ਕੇ ਹੀ ਮਨੁੱਖੀ ਰਿਸ਼ਤਿਆਂ ਦੀ ਬਰੀਕੀ ਨੂੰ ਸਮਝਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਇਕ ਪਾਤਰ ਹੈ ਫੌਜੀਆਂ ਦੀ ਦੇਬੋ, ਜੋ ਇਸੇ ਪਿੰਡ ਰਾਜੇਵਾਲ ਦੇ ਕਿਸੇ ਗੁਆਂਢੀ ਪਿੰਡ ਘਰ ਵਾਲਿਆਂ ਨਾਲ ਬਚਪਨ ਵਿਚ ਮੇਲਾ ਵੇਖਣ ਗਈ ਗੁਆਚ ਗਈ। ਕੋਈ ਤੀਹ ਬੱਤੀ ਵਰ੍ਹੇ ਪਹਿਲਾਂ ਤੇ ਫਿਰ ਉਸ ਦੀ ਕੋਈ ਉਘ ਸੁੱਘ ਪਿੰਡ ਵਾਲਿਆਂ ਨੂੰ ਨਹੀਂ ਲੱਗਦੀ।

ਉਸ ਨੂੰ ਕਿਸੇ ਬੱਚੇ ਚੁੱਕਣ ਵਾਲੇ ਨੇ ਇਕ ਬੇ-ਉਲਾਦ ਮਜ਼ਦੂਰ ਦੰਪਤੀ ਨੂੰ ਵੇਚ ਦਿਤਾ। ਮਜ਼ਦੂਰ ਮਾਂ-ਬਾਪ ਨੇ ਉਸ ਨੂੰ ਪਾਲ-ਪੋਸਕੇ ਇਕ ਸਰਕਾਰੀ ਬਾਵਰਚੀ ਨਾਲ ਵਿਆਹ ਦਿਤਾ। ਕੁਝ ਵਰ੍ਹਿਆਂ ਵਿਚ ਹੀ ਕਾਲੇ ਪੀਲੇ ਬੱਚਿਆਂ ਦੀ ਲਾਈਨ ਲੱਗ ਗਈ। ਉਸਦੇ ਫੌਜੀ ਬਾਪ ਨੇ, ਜਿਸਨੇ ਏਨੇ ਵਰ੍ਹੇ ਗੁਆਚੀ ਧੀ ਦੇ ਦਰਦ ਨੇ ਟਿਕ ਕੇ ਨਹੀ ਬਹਿਣ ਦਿੱਤਾ ਸੀ, ਜਦੋਂ ਉਹ ਚਾਲ੍ਹੀਵੇਂ ਵਰ੍ਹੇ ਵਿਚ ਸੀ ਉਸ ਨੂੰ ਲੱਭ ਲਿਆ ਅਤੇ ਵਾਪਿਸ ਆਪਣੇ ਪਿੰਡ ਉਸ ਦੇ ਬਚਪਨ ਦੇ ਘਰ ਵਿਚ ਲੈ ਆਇਆ ਜਿੱਥੇ ਦੇਬੋ ਦੇ ਨਿਕੀ ਹੁੰਦੇ ਦੇ ਗੁੱਡੀਆਂ ਪਟੋਲੇ ਅਤੇ ਕੱਪੜੇ ਉਸਦੇ ਕਮਰੇ ਵਿਚ ਉਵੇਂ ਹੀ ਸੰਭਾਲ ਕੇ ਰੱਖੇ ਸਨ। ਪਰ ਉਸਦੇ ਭੈਣ-ਭਰਾ ਜੋ ਵੱਡੇ ਅਹੁਦਿਆਂ ਤੇ ਹਨ, ਪੈਸੇ ਟਕੇ ਵਲੋਂ ਉਸ ਨਾਲੋਂ ਕਿਤੇ ਜ਼ਿਆਦਾ ਸੁਖਾਲੇ ਹਨ ਆਪਣੀ ਗਰੀਬ ਭੈਣ ਨਾਲ ਮਿਲ ਕੇ ਬੇਸ਼ਕ ਉਸਦੀ ਹੋਣੀ ਤੇ ਅੱਥਰੂ ਤਾਂ ਵਹਾਉਂਦੇ ਰਹੇ ਪਰ ਉਹਨਾਂ ਵਿਚ ਇਕ ਅਦਿਸ ਦੀਵਾਰ ਜਹੀ ਵੀ ਖੜ੍ਹੀ ਸੀ। ਲੇਖਕ ਇਸ ਸਥਿਤੀ ਨੂੰ ਇਉਂ ਬਿਆਨਦਾ ਹੈ—

"ਪਰ ਉਸਨੇ ਜਲਦੀ ਮਹਿਸੂਸ ਕਰ ਲਿਆ ਕਿ ਉਸਦੇ ਭੈਣ-ਭਰਾ, ਜੋ ਹਰ ਤਰ੍ਹਾਂ ਨਾਲ ਉਸ ਤੋਂ ਵੱਖਰੇ ਸਨ, ਕੁਝ ਝਿਜਕ ਮਹਿਸੂਸ ਕਰ ਰਹੇ ਸਨ।..... ਉਹ ਹੰਝੂਆਂ ਭਿੱਜੀਆਂ ਅੱਖਾਂ ਨਾਲ ਦੇਖ ਚੁੱਕੀ ਸੀ ਕਿ ਇਹ ਲੋਕ ਉਸਦੇ ਆਪਣੇ ਨਹੀਂ ਸੀ ਰਹੇ। ਸਭ ਕੁਝ ਬਦਲ ਚੁੱਕਿਆ ਸੀ। ਉਹ ਆਪਣੀ ਹੇਠੀ ਮਹਿਸੂਸ ਕਰ ਰਹੇ ਸਨ। ਜੇ ਉਹਨਾਂ ਦਾ ਵੱਸ ਚੱਲਦਾ ਤਾਂ ਆਪਣੀ ਭੈਣ ਨੂੰ ਕਿਧਰੇ ਛੁਪਾ ਦਿੰਦੇ ਜੋ ਬੇਵਕਤ ਮਿਲ ਗਈ ਸੀ।" (.....ਉਹੀ ੬੮)

ਉਸਨੂੰ ਆਪਣੇ ਬੱਚਿਆਂ ਦੀ ਮਮਤਾ ਵੀ ਪਰੇਸ਼ਾਨ ਕਰ ਰਹੀ ਸੀ। ਉਸਨੇ ਸੋਚਿਆ ਕਿ ਬਾਪੂ ਛੋਟੇ ਮੁੰਨੇ ਨੂੰ ਤਾਂ ਜ਼ਰੂਰ ਨਾਲ ਲੈ ਆਉਂਦਾ। ਉਹ ਵਿਚਾਰਾ ਸਾਰੀ ਰਾਤ ਰੋਂਦਾ ਰਿਹਾ ਹੋਵੇਗਾ। ਏਥੇ ਸਾਰੀ ਰਾਤ ਸੌਂ ਉਹ ਵੀ ਨਹੀਂ ਸਕੀ ਤੇ ਅੰਤ ਵਿਚ ਉਹ ਫੈਸਲਾ ਕਰਦੀ ਹੈ :

"ਇਹ ਸਾਰੇ ਲੋਕ ਉਸ ਦੇ ਆਪਣੇ ਨਹੀਂ ਸੀ ਰਹੇ। ਉਸ[illegible] ਆਪਣੇ ਤਾਂ ਉਹ ਸਨ ਜਿਹਨਾਂ ਨੂੰ ਉਹ ਪਿੱਛੇ ਛੱਡ ਆ[illegible] ਸੀ। ਉਸ ਨੇ ਉਸ ਵੇਲੇ ਫੈਸਲਾ ਕਰ ਲਿਆ— ਉਹ ਨਾ ਆਪ ਤੇ ਨਾ ਹੀ ਉਹਨਾਂ ਨੂੰ ਮੁਸ਼ਕਿਲ ਵਿਚ ਪਾਏਗੀ, ਇਕ ਵਾਰ ਗਈ ਫਿਰ ਵਾਪਸ ਨਹੀਂ ਆਏਗੀ।" (.......ਉਹੀ ਸਫਾ ੬੮)

ਇਸ ਤਰ੍ਹਾਂ ਦੀ ਤ੍ਰਾਸਦਿਕ ਸਥਿਤੀ ਦੇ ਚਿਤਰਣ ਨਾਲ ਨਾਵਲ ਨੂੰ ਕਲਾਸਕੀ ਨਾਵਲ ਵਾਲੀਆਂ ਛੋਹਾਂ ਵੀ ਦਿੱਤੀਆਂ ਗਈਆਂ ਹਨ ਅਤੇ ਜੀਵਨ ਦੇ ਕਠੋਰ ਯਥਾਰਥ ਦਾ ਕੌੜਾ ਸੱਚ ਵੀ ਤਾਂ ਇਹੋ ਹੈ। ਸਾਡੇ ਆਰਥਿਕ ਪੱਧਰ ਦੀ ਨਾਬਰਾਬਰੀ ਖ਼ੂਨ ਦੇ ਰਿਸ਼ਤਿਆਂ ਨੂੰ ਪਾਣੀ ਤੋਂ ਪਤਲਾ ਕਰ ਦਿੰਦੀ ਹੈ। ਦੇਬੋ ਇਕ ਸੂਰਬੀਰ ਨਾਇਕਾ ਜਿਉਂ ਜ਼ਿੰਦਗੀ ਜਿਊਣ ਲਈ ਕੁਵੇਲੇ ਮਿਲੀਆਂ ਸੁਖ ਸਹੂਲਤਾਂ ਨੂੰ ਤਿਆਗਕੇ, ਜਿਹਨਾਂ ਦੇ ਨਾਲ ਉਸਨੇ ਅੱਧੀ ਤੋਂ ਜ਼ਿਆਦਾ ਉਮਰ ਲੰਘਾਈ ਹੈ, ਉਹਨਾਂ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਵੱਲ ਹੀ ਮੂੰਹ ਕਰਦੀ ਹੈ। ਨਾਵਲ ਦੀ ਇਸ ਇਸਤਰੀ ਪਾਤਰ ਦੀ ਇਸੇ ਵਿਚ ਮਰਦਾਨਗੀ ਪ੍ਰਗਟ ਹੁੰਦੀ ਹੈ। ਉਹ ਸਮਝਦੀ ਹੈ ਕਿ ਬਾਲ ਬੱਚਿਆਂ ਦੁਆਰਾ ਓਪਰੀ ਮਿੱਟੀ ਵਿਚ ਉਸਦੀਆਂ ਜੜ੍ਹਾਂ ਤਾਂ ਲੱਗ ਗਈਆਂ ਹਨ ਹੁਣ ਉਹ ਆਪਣੇ ਪਿੰਡ ਦੇ ਖੜਸੋਕੜ ਰੁੱਖਾਂ ਦੀ ਛਾਂ ਨੂੰ ਉਸ ਸਹਿਜ ਅਤੇ ਰਹਾਉ ਨਾਲ ਨਹੀਂ ਮਾਣ ਸਕੇਗੀ। ਉਸਦੀ ਹਸਤੀ ਨਾਲੋਂ ਚਿੱਪਰਾਂ ਵਾਂਗੂੰ ਜਿਹੜੇ ਟੁਕੜੇ ਲਹਿ ਗਏ ਹਨ ਉਹ ਉਹਨਾਂ ਨੂੰ ਮਿਲਣ ਲਈ ਸਦਾ ਭਟਕਦੀ ਰਹਿਣ ਨਾਲੋਂ ਫੈਸਲਾ ਉਸੇ ਮਿੱਟੀ ਵਿਚ ਪਰਤ ਜਾਣ ਦਾ ਕਰਦੀ ਹੈ। ਪੰਜਾਬੀ ਨਾਵਲ ਵਿਚ ਇਸ ਤਰ੍ਹਾਂ ਦੇ ਬਹੁਪਰਤੀ ਪ੍ਰਸੰਗਾਂ ਦੀ ਸਫ਼ਲ ਪੇਸ਼ਕਾਰੀ, ਮਨੁੱਖੀ ਮਨ ਦੀਆਂ ਡੂੰਘਾਈਆਂ ਦਾ ਸਫਲ ਵਿਵੇਚਨ ਸਿਰਫ ਤੇ ਸਿਰਫ ਪ੍ਰੀਤਮ ਸਿੰਘ ਪੰਛੀ ਦੇ ਹਿੱਸੇ ਹੀ ਆਇਆ ਹੈ। ਇਸ ਨਾਵਲ ਦੁਆਰਾ ਉਹ ਪੰਜਾਬੀ ਨਾਵਲ ਜਗਤ ਦੇ ਨਾਮਵਰ ਹਸਤਾਖਰ ਗੁਰਦਿਆਲ ਸਿੰਘ ਦੀ ਪ੍ਰੰਪਰਾ ਨੂੰ ਹੀ ਅੱਗੇ ਤੋਰ ਰਿਹਾ ਪ੍ਰਤੀਤ ਹੁੰਦਾ ਹੈ।

ਪੀੜ੍ਹੀਆਂ ਦਾ ਟਕਰਾਉ ਵੀ ਇਸ ਨਾਵਲ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਜਗਦੀਪ ਆਪਣੇ ਨਿਰਾਸ਼ ਪਿਤਰ ਮੰਗਲ ਨੂੰ ਜਿਸ ਦਾ ਪਿਓ ਵੀ ਪੰਛੀ ਦੇ ਮੁਤਾਬਿਕ ਗਾਂਧੀ ਦੇ ਚੇਲਿਆਂ ਦੇ ਪੁਲਿਸ ਤੋਂ ਚਿੱਤੜ ਕੁਟਵਾਉਂਦਾ ਸੀ, ਸਰਕਾਰੀਆ ਹੋਣ ਕਾਰਨ, ਆਪਣੇ ਨਾਲ ਮੁਜ਼ਾਰਾ ਅੰਦੋਲਨ ਵਿਚ ਸਰਗਰਮੀ ਨਾਲ ਜੁਟਾ ਲੈਂਦਾ ਹੈ। ਉਸਨੇ ਆਪਣੀ ਡਾਕਟਰੀ ਵੀ ਛੱਡ ਦਿੱਤੀ ਹੈ। ਇਸ ਤੇ ਉਸ ਦਾ ਪਿਤਾ ਨੰਬਰਦਾਰ ਸ਼ਿਵ ਸਿੰਘ ਆਪਣੀ ਘਰ ਵਾਲੀ ਨੂੰ ਕਹਿੰਦਾ ਹੈ :

"ਦੀਪੇ ਨੂੰ ਕੀ ਹੋ ਗਿਆ ? ਉਹ ਸਾਡੀਆਂ ਬੇੜੀਆਂ 'ਚ ਵੱਟੇ ਪਾਉਣ ਲੱਗ ਪਿਆ ਹੈ। ਕਈ ਪੁਸ਼ਤਾਂ ਤੋਂ ਚੱਲੀ ਆ ਰਹੀ ਸਾਡੀ ਨੰਬਰਦਾਰੀ ਤੇ, ਪਾਣੀ ਫੇਰਨ ਦਾ ਤਹੱਈਆ ਕਰੀ ਬੈਠਾ ਹੈ। ਵੱਡੇ ਭਰੇ ਨੇ ਮਿੱਟੀ ਨਾਲ ਮਿੱਟੀ ਹੋ ਕੇ ਡਾਕਟਰੀ ਦੀ ਪੜ੍ਹਾਈ ਕਰਾਈ। ਸਾਰੀ ਖੂਹ ਖਾਤੇ ਪਾ ਦਿੱਤੀ। ਕੁਦੇਸਣ ਲੈ ਆਇਆ ਸੀ, ਉਸਦਾ ਸਾਥ ਨਿਭਾਉਂਦਾ, ਤਾਂ ਵੀ ਕੋਈ ਗੱਲ ਸੀ। ਉਸਨੂੰ ਆਪਣੇ ਮਾਪਿਆਂ ਦੀ ਨਮੋਸ਼ੀ ਦਾ ਕਿਵੇਂ ਸਾਹਮਣਾ ਕਰਨਾ ਪਿਆ ਹੋਵੇਗਾ। ਭਗਵਾਨ ਕੌਰੇ, ਤੂੰ ਹੀ ਉਸਨੂੰ ਕੁਝ ਸਿੱਖ ਮੱਤ ਦੇ। ਮੈਂ ਤਾਂ ਦੋਣੋ ਰਿਹਾ।"....... (ਉਹੀ ਸਫਾ ੬੯)

ਦੂਜੇ ਪਾਸੇ ਜਗਤਪੁਰੇ ਵਿਚ ਰੂਪਮਤੀ ਮਾਧੁਰੀ ਜਹੀਆਂ ਗਰੀਬ ਲੜਕੀਆਂ ਦੇ ਵਿਆਹ ਸਮੇਂ ਸਹਾਇਤਾ ਕਰਦੀ ਹੈ। ਉਹ ਉਹਨਾ ਨੂੰ ਪੜ੍ਹਾਉਣਾ ਲਿਖਾਉਣਾ ਵੀ ਚਾਹੁੰਦੀ ਹੈ ਤਾਂ ਕਿ ਉਹ ਆਤਮ-ਨਿਰਭਰ ਹੋ ਸਕਣ। ਜਦੋਂ ਸਹੁਰੇ ਪਰਿਵਾਰ ਨਾਲ ਮਾਧੁਰੀ ਦਾ ਮਨ ਮੁਟਾਵ ਹੁੰਦਾ ਹੈ ਤਾਂ ਉਹ ਮਾਧੁਰੀ ਦੀ ਸਹਾਇਤਾ ਲਈ ਮੋਹਨ ਝਾ ਨੂੰ ਸਥਾਨਕ ਪੁਲੀਸ ਪਾਸ ਵੀ ਭੇਜਦੀ ਹੈ ਤਾਂ ਜੁ ਉਸਦੇ ਸਹੁਰੇ ਦਾ ਵਿਗੜਿਆ ਦਿਮਾਗ ਠੀਕ ਕੀਤਾ ਜਾ ਸਕੇ. ਜੋ ਨੂੰਹ ਉਤੇ ਹੱਥ ਉਠਾਉਣ ਲਾਗਿਆ ਵੀ ਸੰਗਦਾ ਨਹੀਂ। ਮਾਧੁਰੀ ਰੂਪਮਤੀ ਦੇ ਪਾਸ ਹਵੇਲੀ ਵਿਚ ਹੀ ਰਹਿਣ ਲੱਗਦੀ ਹੈ ਸਹੁਰੇ ਘਰ ਨੂੰ ਛੱਡ ਕੇ। ਇੱਥੇ ਉਸਦਾ ਮੇਲ-ਮਿਲਾਪ ਬਚਪਨ ਦੇ ਮਿਤਰ ਮੰਗਲੂ ਨਾਥ ਹੋ ਜਾਂਦਾ ਜਿਸ ਨਾਲ ਉਹ ਦੂਜੇ ਜਾਤ ਬਿਰਾਦਰੀ ਦਾ ਹੋਣ ਕਾਰਨ ਵਿਆਹ ਨਹੀਂ ਸੀ ਕਰ ਸਕੀ। ਕਿਉਂਕਿ ਮਾਧੁਰੀ ਦਾ ਸਹੁਰ ਵੀ ਮਰ ਗਿਆ ਹੈ ਅਤੇ ਪਤੀ ਦੀ ਸਹੁਰੇ ਦੇ ਸਾਹਮਣੇ ਕੋਈ ਹੋਂਦ ਹੀ ਨਹੀਂ ਸੀ। ਆਪਣੀ ਪੜ੍ਹਾਈ ਤੋਂ ਵਿਹਲੀ ਹੋ ਕ ਮਾਧੁਰੀ ਮਨੂੰ ਨਾਲ ਰੇਤ ਦੇ ਘਰੌਂਦੇ ਬਨਾਉਣੇ ਖੇਡਦੀ ਰਹਿੰਦੀ ਇਉਂ ਮੰਗਲੂ ਮਾਧੁਰੀ ਦੀ ਜੋੜੀ ਵੀ ਇਸ ਨਾਵਲ ਵਿਚ ਕ੍ਰਿਆਸ਼ੀਲ ਹੁੰਦੀ ਵਿਖਾਈ ਗਈ ਹੈ ਜੋ ਰੂਪਮਤੀ ਦੇ ਉਦਾਰ ਮਾਨਵੀ ਸੁਭਾਅ ਕਰਕੇ ਹੀ ਸੰਭਵ ਹੋ ਸਕਦੀ ਹੈ।

ਠਾਕੁਰ ਵਿਜੈ ਸਿੰਘ ਅਤੇ ਉਹਨਾਂ ਦੀ ਪੁਤਰੀ ਰੂਪਮਤ ਜੈਤਪੁਰ ਅਤੇ ਆਸ-ਪਾਸ ਦੇ ਗੁਆਂਢੀ ਪਿੰਡਾਂ ਕਸਬਿਆ ਵਿਚ ਹਿੰਦੂ ਮੁਸਲਿਮ ਦੰਗਾ ਫੈਲਣ ਕਾਰਨ ਦੁਖੀ ਅਤੇ ਫਿਕਰਮੰਦ ਹੁੰਦੇ ਹਨ। ਜੁਆਨੀ ਵਿਚ ਠਾਕੁਰ ਸਾਹਿਬ ਆਪਣੇ ਕੈਂਪ ਲਾਕੇ ਹਿੰਦੂ ਮੁਸਲਿਮ ਦੇ ਭੇਦ-ਭਾਵ ਤੋਂ ਉਪਰ ਉਠ ਕੇ ਸਾਰੇ ਹੀ ਦੰਗਾ ਪੀੜਤਾਂ ਦੀ ਸਹਾਇਤਾ ਕਰਿਆ ਕਰਦੇ ਸਨ। ਹੁਣ ਫਿਰ ਮਾਧੁਰੀ, ਮੰਗਲੂ ਅਤੇ ਮੋਹਨ ਝਾ ਨੂੰ ਨਾਲ ਲੈ ਕੇ ਜੈਤਪੁਰ ਵਿਚ ਪੀੜਤਾਂ ਦੀ ਮਦਦ ਵਿਚ ਇਕ ਮਹੀਨਾ ਭਰ ਆਪਣਾ ਕੈਂਪ ਲਾਉਂਦੀ ਹੈ। ਇਸੇ ਸਮੇਂ ਹੀ ਕੋਸੀ ਬੰਨ੍ਹ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇੱਥੇ ਆਉਂਦੇ ਹਨ। ਉਹਨਾਂ ਦੇ ਨਾਲ ਕੱਟੇ ਵਾਲਾ ਵਾਲੀ ਇਸਤਰੀ ਜੋ ਕਾਰ ਵਿਚ ਬੈਠੀ ਰਹਿੰਦੀ ਹੈ ਸ਼ਾਇਦ ਲੇਡੀ ਮਾਊਂਟਬੇਟਨ ਹੋਵੇ। ਪੰਛੀ ਜੀ ਦੇ ਮੁਤਾਬਿਕ ਉਤੇਜਿਤ ਭੀੜ ਨੇ ਜਦੋਂ ਚਾਅ ਚਾਅ ਵਿਚ ਹੀ ਨਹਿਰੂ ਜੀ ਦੀ ਕਾਰ ਰੋਕ ਲਈ ਸੀ ਤਾਂ ਪੁਲਿਸ ਬੇਵਸ ਸੀ ਕਿਉਂਕਿ ਉਹ ਬਕੌਲ ਲੇਖਕ ਨਹਿਰੂ ਜੀ ਦੀ ਮੌਜੂਦਗੀ ਵਿਚ ਡੰਡੇ ਨਹੀਂ ਸੀ ਬਰਸਾ ਸਕਦੀ। ਕਈ ਪੁਲੀਸ ਵਾਲਿਆਂ ਦੀਆਂ ਵਰਦੀਆਂ ਭੀੜ ਕਾਰਨ ਪਾਟ ਗਈਆਂ ਸਨ। ਪੁਲੀਸ ਦਾ ਇਹ ਗਊਪੁਣਾ ਕੁਝ ਅੱਖਰਦਾ ਹੈ। ਨਹਿਰੂ ਜੀ ਬਾਰੇ ਵੀ ਕਿਹਾ ਜਾਂਦਾ ਹੈ ਕਿ ਆਜ਼ਾਦੀ ਤੋਂ ਛੇਤੀ ਬਾਦ ਜਦੋਂ ਉਹ ਫੀਰੋਜ਼ਪੁਰ ਛਾਉਣੀ ਵਿਖੇ ਆਏ ਸਨ ਤਾਂ ਪਾਕਿਸਤਾਨ ਵਿਚੋਂ ਉਜੜ ਕੇ ਆਏ ਲੋਕਾਂ ਨੇ ਆਪਣੇ ਵਸੇਬੇ ਨਾ ਕੀਤੇ ਜਾਣ ਦੇ ਵਿਰੋਧ ਵਿਚ ਕਾਲੇ ਝੰਡੇ ਲਹਿਰਾਏ। ਨਹਿਰੂ ਜੀ ਮੰਚ ਤੋਂ ਕੜਕੇ, "ਯਹਾਂ ਪੁਲੀਸ ਕਾ ਕਿਤਨਾ ਗੰਦਾ ਬੰਦੋਬਸਤ ਹੈ।" ਬੱਸ ਫੇਰ ਕੀ ਸੀ ਇਕ ਭੂਤਰੇ ਥਾਣੇਦਾਰ ਨੇ ਰਿਵਾਲਵਰ ਛਾਤੀ ਤੇ ਰੱਖ ਕੇ ਜਾ ਸ਼ਿੰਗਾਰਾ ਸਿੰਘ ਹਸਨਾ (ਪੁਰਾਣਾ ਜ਼ਿਲ੍ਹਾ ਲਾਹੌਰ) ਨੂੰ ਗੋਲੀ ਮਾਰ ਦਿਤੀ। ਉਸ ਦੇ ਭਾਈ ਤਾਰਾ ਸਿੰਘ ਅਤੇ ਹੋਰਨਾਂ ਕਮਿਊਨਿਸਟ ਵਰਕਰਾਂ ਤੇ ਉਲਟਾ ਸਰਕਾਰੀ ਕੰਮ ਵਿਚ



Sri Satguru Jagjit Singh Ji eLibrary NamdhariElibrary@gmail.com

ਦਖਲ ਦੇਣ ਦੇ ਮੁਕੱਦਮੇ ਬਣਾ ਦਿਤੇ। ਪੰਛੀ ਜੀ ਦੁਆਰਾ ਚਿਤਰਿਆ ਨਹਿਰੂ ਜੀ ਦਾ ਸ਼ਾਂਤ ਸੁਭਾਅ ਸ਼ਾਇਦ ਪੰਜਾਬ ਅਤੇ ਬਿਹਾਰ ਦੇ ਅੰਤਰ ਕਾਰਨ ਹੋਵੇ। ਖੈਰ......ਮੁੜਦਿਆਂ ਨਹਿਰੂ ਜੀ ਠਾਕੁਰ ਵਿਜੇ ਸਿੰਘ ਦੇ ਵਡੇਰਿਆਂ ਦੀ ਹਵੇਲੀ ਵਿਚ ਕੁਝ ਸਮੇਂ ਲਈ ਰੁਕ ਕੇ ੧੯੫੭ ਦੇ ਗ਼ਦਰੀ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦੇ ਹਨ। ਇਕ ਮੰਤਰੀ ਦੀ ਕਾਰ ਦੀ ਡਿਕੀ ਤੇ ਬਦਨਾਮ ਕਾਂਗਰਸੀ ਮਾਂਗੇ ਰਾਮ ਆਰੀਆ ਭੱਜ ਕੇ ਬੈਠਦਾ ਹੈ। ਉਛਲ ਕੇ ਹੇਠਾਂ ਡਿੱਗ ਪੈਂਦਾ ਹੈ। ਉਸਦੀ ਧੋਤੀ ਡਿਕੀ ਵਿਚ ਫਸੀ ਰਹਿ ਗਈ। ਲੋਕੀ ਸ਼ੇਮ ਸ਼ੇਮ ਦੇ ਆਵਾਜ਼ੇ ਕੱਸਦੇ ਹਨ। ਮੋਹਨ ਝਾ ਨੇ ਆਰੀਆ ਦਾ ਕਿਸਾ ਰੂਪਮਤੀ ਤੇ ਠਾਕੁਰ ਵਿਜੇ ਸਿੰਘ ਨੂੰ ਸੁਣਾਇਆ। ਹੁਣ ਸਾਡਾ ਲੇਖਕ ਅਜੋਕੇ ਨੇਤਾਵਾਂ ਤੇ ਕਾਫੀ ਤਿੱਖੇ ਵਿਅੰਗ ਕੱਸਦਾ ਹੈ। ਉਸ ਦੀ ਪੈਨੀ ਸ਼ੈਲੀ ਵੇਖਣ ਵਾਲੀ ਹੈ—

"ਮੋਹਨ ਝਾ ਨੂੰ ਨੇਤਾਵਾਂ ਤੋਂ ਬੜੀ ਚਿੜ੍ਹ ਸੀ।

ਹੁਣ ਉਹ ਨੇਤਾਵਾਂ ਦੀਆਂ ਕਿਸਮਾਂ ਬਿਆਨ ਕਰਨ ਲਗਿਆ ਸੀ :

".... ਹਰ ਸ਼ਹਿਰ ਵਿਚ ਨੇਤਾ ਕਿਸਮ ਦੇ ਲੋਕ ਮਿਲਦੇ ਹਨ। ਇਹ ਸ਼ਹਿਰ ਦੇ ਸਾਇਜ਼ ਤੇ ਨਿਰਭਰ ਕਰਦਾ ਹੈ ਕਿ ਉਥੇ ਕਿੰਨੇ ਨੇਤਾ ਹੋਣਗੇ। ਛੋਟੇ ਸ਼ਹਿਰਾਂ ਵਿਚ ਇਕ ਜਾਂ ਦੋ ਅਜਿਹੇ ਵਿਅਕਤੀ ਹੁੰਦੇ ਹਨ ਜੋ ਆਪਣੀ ਨੇਤਾਗਿਰੀ ਵਿਚ ਲੱਗੇ ਰਹਿੰਦੇ ਹਨ। ਤੀਸਰੇ ਵਿਅਕਤੀ ਨੂੰ ਨੇੜੇ ਨਹੀਂ ਫੜਕਣ ਦਿੰਦੇ। ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਸ਼ੇਰਵਾਨੀ ਹਰ ਕੋਈ ਨਹੀਂ ਸਿਲਵਾ ਸਕਦਾ। ਜੋ ਸਿਲਵਾ ਲੈਂਦੇ ਹਨ, ਉਹਨਾਂ ਦੀ ਨੇਤਾਗਿਰੀ ਚੱਲ ਨਿਕਲਦੀ ਹੈ ....

ਮੋਹਨ ਝਾ ਦੀ ਗੱਲ ਜਾਰੀ ਸੀ

".... ਨੇਤਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਚੁਣੇ ਗਏ ਜਾਂ ਬਣਾਏ ਗਏ ਹੁੰਦੇ ਹਨ। ਪਰ ਅਸਲੀ ਨੇਤਾ ਨਾ ਚੁਣਿਆ ਜਾਂਦਾ ਹੈ ਅਤੇ ਨਾ ਹੀ ਬਣਾਇਆ ਜਾਂਦਾ ਹੈ। ਉਹ ਪੈਦਾ ਹੁੰਦਾ ਹੈ। ਨਰਗਿਸ ਜਦੋਂ ਬੇਨੂਰੀ 'ਤੇ ਕਾਫੀ ਰੋ ਲੈਂਦੀ ਹੈ ਤਾਂ ਇਹ ਸ਼ਹਿਰ ਵਿਚ ਜਨਮ ਲੈਂਦੇ ਹਨ। ਇਕ ਸ਼ਹਿਰ ਵਿਚ ਇਕ ਪੂਰੀ ਨਸਲ ਇਕ ਨੇਤਾ ਜਾਂ ਤਿੰਨ ਚਾਰ ਨੇਤਾਵਾਂ ਦੇ ਭਾਸ਼ਣਾਂ ਦੀ ਮਾਰ ਸਹਿਣ ਲਈ ਜਿਊਂਦੀ ਰਹਿੰਦੀ ਹੈ।" (...ਉਹੀ ਸਫਾ ੯੮)

ਠਾਕੁਰ ਵਿਜੈਪਾਲ ਸਿੰਘ ਦੇ ਵਡੇਰੇ ਠਾਕੁਰ ਉਦੈ ਪਾਲ ਸਿੰਘ ਦੀ ਸਮਾਧੀ ਵੀ ਗ਼ਦਰ ਦੀ ਘਟਨਾ ਤੋਂ ਬਾਦ ਉਸਦੀ ਜਗੀਰ ਜ਼ਬਤ ਕਰਨ ਸਮੇਂ ਅੰਗ੍ਰੇਜ਼ਾਂ ਨੇ ਗਿਰਾ ਦਿਤੀ ਸੀ। ਹਵੇਲੀ ਅਤੇ ਜਗੀਰ ਦਾ ਇਹ ਹਿੱਸਾ ੧੯੪੭ ਤੋਂ ਬਾਦ ਠਾਕੁਰ ਵਿਜੈ ਪਾਲ ਸਿੰਘ ਦੇ ਪਰਿਵਾਰ ਨੂੰ ਦੋਬਾਰਾ ਮਿਲਿਆ ਸੀ। ਰੂਪਮਤੀ ਅਤੇ ਮੋਹਨ ਝਾ ਠਾਕੁਰ ਉਦੈਪਾਲ ਸਿੰਘ ਦੀ ਯਾਦ ਨੂੰ ਜੀਵਤ ਰੱਖਣ ਲਈ ਇਕ ਸੱਭਿਆਚਾਰਕ ਮੇਲਾ ਸ਼ੁਰੂ ਕਰਨਾ ਚਾਹੁੰਦੇ ਹਨ। ਇਸ ਤੇ ਬਜ਼ੁਰਗ ਠਾਕੁਰ ਵਿਜੈ ਸਿੰਘ ਜਿਸ ਨੇ ਰੂਪਮਤੀ ਦੇ ਹਸਪਤਾਲ ਲਈ ਜੋ ਸੇਵਾ ਭਾਵ ਨਾਲ ਚਲਾਇਆ ਜਾ ਰਿਹਾ ਹੈ ਸਰਕਾਰੀ ਗ੍ਰਾਂਟ ਲੈਣ ਦੀ ਪਹਿਲਾਂ ਹੀ ਆਗਿਆ ਨਹੀਂ ਸੀ ਦਿਤੀ, ਬਾਵਜੂਦ ਪ੍ਰਧਾਨ ਮੰਤਰੀ ਤੱਕ ਆਪਣੀ ਰਸਾਈ ਹੋਣ ਦੇ, ਹੁਣ ਸੱਭਿਆਚਾਰਕ ਮੇਲੇ ਬਾਰੇ ਬੜੀ ਸਾਰਗਭਿਤ ਟਿੱਪਣੀ ਕਰਦੇ ਹਨ—

"ਤੁਸੀਂ ਸੱਭਿਆਚਾਰ ਮੇਲਾ ਕਰ ਲਓ। ਪਰ ਯਾਦ ਰੱਖੋ, ਇਸ ਮੇਲੇ ਦੀ ਸ਼ੁਹਰਤ ਸੁਣਨ ਸਾਰ ਰਾਜ ਨੇਤਾ ਗਿਰਝਾਂ ਵਾਂਗ ਹਵੇਲੀ ਦੇ ਦੁਆਲੇ ਮੰਡਲਾਉਣ ਲਗਣਗੇ ਅਤੇ ਸੱਭਿਆਚਾਰ ਮੇਲੇ ਨੂੰ ਅਸੱਭਿਆਚਾਰ ਬਣਾ, ਆਪਣੀਆਂ ਪਾਰਟੀਆਂ ਦੇ ਤੰਬੂ ਗੱਡ ਕੇ ਆਪਣਾ ਢੰਡੋਰਾ ਪਿਟਣ ਲੱਗਣਗੇ। ਉਹ ਇਹ ਭੁਲ ਜਾਣਗੇ ਕਿ ਕਿਸਦੀ ਯਾਦ ਵਿਚ ਮੇਲਾ ਹੋ ਰਿਹਾ ਹੈ।" (.....ਉਹੀ ਸਫਾ ੧੦੧)

ਪੰਛੀ ਦੇ ਵਰਨਣ ਤੋਂ ਮਾਲੂਮ ਹੁੰਦਾ ਹੈ ਕਿ ਬਿਹਾਰ ਦੇ ਪੰਜਾਬੀਆਂ ਲਈ ਇਸ ਓਪਰੇ ਖਿਤੇ ਵਿਚ ਜਿਵੇਂ ਉਹ ਖੁੱਲ੍ਹ ਕੇ ਵਿਚਰਿਆ ਹੋਵੇ। ਉਹਨਾਂ ਦੇ ਜੀਵਨ ਦਾ ਬੜਾ ਨੇੜਿਉਂ ਗਹਿਰਾਈ ਨਾਲ ਅਧਿਅਨ ਕੀਤਾ ਹੋਵੇ। ਉਹਨਾਂ ਦੀਆਂ ਰਸਮਾਂ ਰਿਵਾਜਾਂ ਵਿਸ਼ੇਸ਼ ਕਰਕੇ ਝੀਲ ਦੇ ਵਿਚ ਮੱਛੀਆਂ ਫੜਨ ਵਾਲਿਆਂ ਦਾ, ਇਸ ਨੂੰ ਡੂੰਘਾ ਅਨੁਭਵ ਹੈ। ਉਹ ਤੀਹ ਵਰ੍ਹੇ ਪੁਰਾਣੇ ਮਹਾਂ ਜਾਲ, ਜਿਸ ਦਾ ਵਜ਼ਨ ਦਸ ਮਣ, ਲੰਬਾਈ ਪੰਜ ਸੌ ਫੁਟ ਤੇ, ਚੌੜਾਈ ਪੰਦਰਾ ਗਜ਼ ਹੈ, ਦੇ ਬੈਲ ਗੱਡੀ ਤੇ ਲਿਆਂਦੇ ਜਾਣ ਦਾ ਜ਼ਿਕਰ ਕਰਦਾ ਹੈ ਜਿਸਨੂੰ ਸੱਤਰ ਅੱਸੀ ਜਣੇ ਝੀਲ ਵਿਚ ਉਤਾਰਦੇ ਹਨ ਤਾਂ ਉਤਸਵ ਜਿਹਾ ਮਾਹੌਲ ਬਣ ਜਾਂਦਾ ਹੈ। ਮਾਛੀਆਂ ਦੇ ਗੂੰਜਦੇ ਲੋਕ ਗੀਤਾਂ ਦੀਆਂ ਧੁਨਾਂ ਤੇ ਉਹ ਵਰ੍ਹੇ ਵਿਚ ਇਕ ਦੋ ਵੇਰ ਇਸ ਤਰ੍ਹਾਂ ਮੱਛੀ ਫੜਨ ਦੀ ਸਮੂਹਿਕ ਪ੍ਰਕ੍ਰਿਆ ਵਿਚੋਂ ਗੁਜ਼ਰਦੇ ਹਨ।

ਦੇਸ਼ ਦੀ ਰਾਜਨੀਤਕ ਸਥਿਤੀ ਤੇ ਵੀ ਤਿੱਖੇ ਵਿਅੰਗ ਹਨ। ਜਦੋਂ ਲੋਕ ਪੁੱਛਦੇ ਹਨ ਕਿ ਨਹਿਰੂ ਆਜ਼ਾਦੀ ਮਿਲਣ ਤੋਂ ਪਹਿਲਾਂ ਕਹਿੰਦਾ ਸੀ — "ਮੈਂ ਭ੍ਰਿਸ਼ਟਾਚਾਰੀ ਲੋਕਾਂ ਨੂੰ ਨਹੀਂ ਬਖਸ਼ਾਂਗਾ। ਫ਼ਾਂਸੀ ਤੇ ਲਟਕਾ ਦੇਵਾਂਗਾ।" ਪਰ ਅੱਜ ਮੋਹਨ ਝਾ ਦੇ ਮੁਤਾਬਿਕ ਭ੍ਰਿਸ਼ਟਾਚਾਰ ਦੇ ਅਰਥ ਹੀ ਬਦਲ ਗਏ ਹਨ।

ਮੋਹਨ ਝਾ ਦਾ ਮਾਛੀਆਂ ਦੇ ਪੱਕੇ ਘਰ ਵੇਖਣ ਦਾ ਕੁਝ ਕੁਝ ਸੁਪਨਾ ਸਾਕਾਰ ਹੋ ਰਿਹਾ ਹੈ। ਉਹ ਆਰਥਿਕ ਤੌਰ ਤੇ ਸੰਪੰਨ ਹੋਣ ਵੱਲ ਵਧ ਰਹੇ ਹਨ। ਪਰ ਇਹ ਕੁਝ ਕੁ ਮੋਹਨ ਝਾਵਾਂ ਜਹੇ ਸਮਰਪਿਤ ਲੋਕਾਂ ਸਦਕਾ ਸ਼ਾਇਦ ਸੰਭਵ ਹੋ ਸਕੇਗਾ? ਵਿਅਕਤੀ ਅਤੇ ਸਮਾਜ ਦੇ ਗੁੰਝਲਦਾਰ ਰਿਸ਼ਤਿਆਂ ਵਿਚ ਇਕ ਵਿਅਕਤੀ ਨੂੰ ਮਿਸਾਲੀ ਵਿਅਕਤੀ ਬਣਾਕੇ ਬਿਹਾਰ ਪੰਜਾਬ ਜਾਂ ਭਾਰਤ ਦੇ ਸਾਹਵੇਂ ਦਰਪੇਸ਼ ਸਾਰੇ ਮਸਲੇ ਹੱਲ ਨਹੀਂ ਹੋ ਸਕਦੇ। ਗਰੀਬੀ, ਭੁੱਖ-ਮਰੀ, ਬੇਕਾਰੀ, ਬੀਮਾਰੀ ਇਹ ਸਮੂਹਿਕ ਸਮੱਸਿਆਵਾਂ ਹਨ ਅਤੇ ਸਮਾਜ ਦੇ ਸਮੂਹਿਕ



Sri Satguru Jagjit Singh Ji eLibrary NamdhariElibrary@gmail.com

ਉਪਰਾਲਿਆਂ, ਇਸ ਦੇ ਪੁਨਰਗਠਨ ਬਿਨਾਂ ਇਹ ਹੋਣਾ ਸੰਭਵ ਨਹੀਂ। ਇਸ ਰਚਨਾ ਵਿਚ ਪੰਛੀ ਜੀ ਦੇ ਅੱਗੇ ਵਧੂ ਵਿਚਾਰਾਂ ਵਿਚ ਸ਼ਾਇਦ ਗਾਂਧੀ ਜੀ ਜ਼ਿਆਦਾ ਥਾਂ ਘੇਰ ਗਏ ਹਨ ਜੋ ਇਕ ਵਿਅਕਤੀ ਦੇ ਸੁਧਾਰ ਤੇ ਆਤਮ ਬਲ ਨਾਲ ਸਮਾਜ ਬਦਲਣ ਦੀ ਗੱਲ ਕਰਦੇ ਸਨ। ਪਰ ਇਤਿਹਾਸਕ ਸੱਚ ਗਾਂਧੀ ਜੀ ਦੇ ਵਿਚਾਰਾਂ ਦਾ ਸਦਾ ਹਾਣੀ ਨਹੀਂ ਰਿਹਾ।

ਓਧਰ ਰਾਜੇਵਾਲ ਪਿੰਡ ਦੀਆਂ ਦੁਖਾਂਤਕ ਗਤੀਵਿਧੀਆਂ ਬਾਰੇ ਬੇਜੀ ਭਗਵਾਨ ਕੌਰ ਗੁਆਂਢੀ ਪਿੰਡ ਦੇ ਗ੍ਰੰਥੀ ਸੁਜਾਨ ਸਿੰਘ ਨਾਲ ਇਉਂ ਚਰਚਾ ਕਰਦੇ ਹਨ :

"ਰਾਜੇਵਾਲ ਤੇ ਸਾੜ੍ਹਸਤੀ ਆਈ ਹੋਈ ਹੈ। ਨਿੱਤ ਨਵੀਆਂ ਅਲੋਕਾਰ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਮੰਗਲ ਦੀ ਹੋਣ ਵਾਲੀ ਵਹੁਟੀ ਤੀਰਥ ਨਾਉਣ ਗਈ ਨਹੀਂ ਮਿਲੀ। ਬਚਪਨ ਦੀ ਗੁਆਚੀ ਫੌਜੀਆਂ ਦੀ ਦੇਬੋ ਅਧਖੜ ਉਮਰੇ ਮਿਲ ਗਈ ਤੇ ਉਚੀ ਹਵੇਲੀ ਵਾਲੀ ਰਾਜ ਕੌਰ ਦੀ ਇੱਕੋ ਇੱਕ ਔਲਾਦ ਨਸ਼ਿਆਂ ਨੇ ਨਿਗਲ ਲਈ। ਫਿਰ ਇਹਨਾਂ ਮਾਮਲਿਆਂ ਨੂੰ ਦੇਖੋ, ਨਸ਼ਿਆਂ ਦੇ ਪਿੱਛੇ ਘਰ ਘਾਟ ਵੇਚ ਕੇ ਇਕ ਛੋਟੀ ਜਹੀ ਕੋਠੀ ਵਿਚ ਸੁੰਗੜੇ ਬੈਠੇ ਹਨ। ਭਾਈ ਜੀ, ਇਸ ਪਿੰਡ ਦਾ ਕੀ ਬਣੇਗਾ ?" (.......ਉਹੀ ਸਫਾ ੮੬)

ਗ੍ਰੰਥੀ ਸੁਜਾਨ ਸਿੰਘ ਨੇ ਗ੍ਰੰਥੀਆਂ/ਪੁਜਾਰੀਆਂ ਦੇ ਚਿਰ ਪਰਿਚਿਤ ਅੰਦਾਜ਼ ਵਿਚ ਜੁਆਬ ਦਿੱਤਾ— "ਮਾਤਾ ਭਗਵਾਨ ਕੁਰੇ, ਵਾਹਿਗੁਰੂ ਦੀ ਰਜ਼ਾ ਤੋਂ ਬਿਨਾਂ ਤਾਂ ਪੱਤਾ ਨਹੀਂ ਹਿਲਦਾ। ਲੋਕ ਐਵੇਂ ਝੂਠੇ ਦਾਅਵੇ ਲਈ ਫਿਰਦੇ ਹਨ। ਜੋ ਰੱਬ ਦੇ ਭਾਣੇ ਵਿਚ ਰਹਿੰਦਾ ਹੈ। ਉਹੀ ਸੁਖੀ ਹੈ। ਬਾਕੀ ਦੁਖੀਆ ਸਭ ਸੰਸਾਰ।" (.......ਉਹੀ ਸਫਾ ੮੬)

ਮੁਜਾਰਾ ਲਹਿਰ ਦੇ ਸਮਰਥਕ ਵਕੀਲ ਹਰਪਾਲ ਸਿੰਘ ਨਾਭਾ ਦੇ ਆਪਦੀਆਂ ਜੇਬਾਂ ਭਰਨ ਅਤੇ ਸਰਕਾਰ ਦੁਆਰਾ ਮੁਜਾਰਿਆਂ ਵਿਚ ਪੈਸੇ ਤੇ ਅਨਾਜ ਵੰਡਣ ਨਾਲ ਦੁਬਿਧਾ ਪੈਦਾ ਹੋਣ ਕਾਰਨ ਇਹ ਲਹਿਰ ਮੱਠੀ ਪੈ ਜਾਂਦੀ ਹੈ। ਇਕ ਦਿਨ ਜਗਦੀਪ ਤੇ ਮੰਗਲ ਨੂੰ ਨਾਭੇ ਵਾਲੀ ਬੀੜ ਵਿਚ ਸ਼ਿਕਾਰ ਖੇਡਦਿਆਂ ਇਹ ਗ਼ੱਦਾਰ ਵਕੀਲ ਨਜ਼ਰੀ ਪੈਂਦਾ ਹੈ। ਇਹ ਉਸਦਾ ਨਿਸ਼ਾਨਾ ਸਾਧਦੇ ਹਨ, ਪ੍ਰੰਤੂ ਉਹ ਝਾੜੀਆਂ ਪਿਛੇ ਓਝਲ ਹੋ ਜਾਂਦਾ ਹੈ। ਪਿੰਡ ਦੇ ਕੁਕਰਮੀ ਸਾਧ ਸੇਵਾ ਦਾਸ ਅਤੇ ਚਰਨਦਾਸ ਨੂੰ ਇਕ ਅਬਲਾ ਬਸੰਤੀ ਦੀ ਪੱਤ ਲੁਟਣ ਸਦਕਾ ਦਸ ਵਰ੍ਹੇ ਜਿਹਲ ਹੁੰਦੀ ਹੈ। ਬਸੰਤੀ ਨਰਸਿੰਗ ਦਾ ਕੋਰਸ ਕਰਕੇ ਨਾਭੇ ਦੇ ਸਰਕਾਰੀ ਹਸਪਤਾਲ ਵਿਚ ਲੱਗ ਜਾਂਦੀ ਹੈ। ਇਸ ਦੀ ਮਾਂ ਉਪਰੋਕਤ ਸਾਧਾਂ ਦੀ ਰਖੇਲ ਸੀ। ਹੁਣ ਜਗਦੀਪ ਆਪਣੇ ਹਸਪਤਾਲ ਲਈ ਬਸੰਤੀ ਨੂੰ ਲੈ ਆਉਣ ਬਾਰੇ ਸੋਚਦਾ ਹੈ। ਮਹਿੰਦਰੋ ਅਜੇ ਵੀ ਬਾਂਝ ਹੈ, ਪਰ ਉਮੀਦ ਤੇ ਜਿਉਂ ਰਹੀ ਹੈ। ਰੂਪਮਤੀ ਦੂਜੀ ਸ਼ਾਦੀ ਬਾਰੇ ਕਦੇ ਨਹੀਂ ਸੋਚ ਰਹੀ। ਮੰਨੂ ਜਗਦੀਪ ਨੂੰ ਵੀ ਬਹੁਤ ਯਾਦ ਆਉਂਦਾ ਹੈ। ਰੂਪਮਤੀ ਅਜੇ ਵੀ ਜਗਦੀਪ ਨੂੰ ਭੁਲਾ ਨਹੀਂ ਪਾਈ।

ਪੰਜਾਬ ਦੇ ਵਿਚ ਹਰੇ ਇਨਕਲਾਬ ਤੋਂ ਬਾਅਦ ਦੀ ਸਥਿਤੀ ਅਤੇ ਕੁਝ ਕੁ ਪਹਿਲਾਂ ਵਾਲੀ ਵੀ ਇਸ ਵਿਚ ਚੰਗੀ ਤਰ੍ਹਾਂ ਚਿਤਰੀ ਗਈ ਹੈ। ਪੰਛੀ ਨੂੰ ਸਿੱਧਾ ਭਿੜ ਜਾਣ ਵਾਲਾ ਪੰਜਾਬ ਦਾ ਜੱਟ ਨਹੀਂ ਦਿਸ ਰਿਹਾ ਤੱਦੇ ਹੀ ਤਾਂ ਉਹ ਲਿਖਦਾ ਹੈ –

"ਪਿੰਡਾਂ ਵਿਚ ਪਹਿਲਾਂ ਝਗੜੇ ਹੁੰਦੇ ਸਨ। ਲਾਠੀਆਂ ਤੇ ਗੋਲੀਆਂ ਚੱਲ ਜਾਂਦੀਆਂ ਸਨ ਪਰ ਲੋਕ ਹੁਣ ਸਿਆਣੇ ਹੋ ਗਏ ਹਨ। ਉਹਨਾਂ ਨੇ ਕੂਟ ਨੀਤੀ ਦਾ ਪੱਲਾ ਫੜ ਲਿਆ ਹੈ। ਹੁਣ ਉਹ ਕੂਟ ਨੀਤੀ ਨਾਲ ਅਗਲੇ ਨੂੰ ਮਾਰਦੇ ਹਨ। ਬੰਦੂਕਾਂ ਬਹੁਤ ਸਾਰਿਆਂ ਕੋਲ ਹਨ, ਪਰ ਉਹ ਹੁਣ ਗਿੱਦੜ ਮਾਰਨ ਦੇ ਕੰਮ ਆਉਂਦੀਆਂ ਹਨ।" (.......ਉਹੀ ਸਫਾ ੧੧੨)

ਪੰਜਾਬ ਤੇ ਬਿਹਾਰ ਦੇ ਨਹਿਰੂ ਯੁੱਗ ਦੇ ਜਨ-ਜੀਵਨ ਦੀ ਸਫਲ ਪੇਸ਼ਕਾਰੀ ਇਸ ਰਚਨਾ ਵਿਚ ਵਿਦਮਾਨ ਹੈ। ਕਥਾਨਕ ਦੇ ਤੌਰ ਤੇ ਇਸ ਵਿਚ ਨਾਇਕ ਨਾਇਕਾਵਾਂ ਖਲਨਾਇਕਾਂ ਦੇ ਏਨੇ ਵਿਵਿਧ ਜੁੱਟ ਹੋਣ ਦੇ ਬਾਵਜੂਦ ਵੀ ਕਥਾ ਪ੍ਰਵਾਹ ਨਿਰੰਤਰ ਚੱਲਦਾ ਰਹਿੰਦਾ ਹੈ। ਇਹੋ ਪ੍ਰੀਤਮ ਸਿੰਘ ਪੰਛੀ ਦੀ ਵਿਲੱਖਣਤਾ ਹੈ ਕਿ ਉਹ ਛੋਟੀਆਂ ਛੋਟੀਆਂ ਕਥਾ ਜੁਗਤਾਂ ਦੇ ਨਾਲ ਆਪਣੀ ਗੱਲ ਅੱਗੇ ਤੋਰੀ ਜਾਂਦਾ ਹੈ। ਪਾਠਕ ਕਿਤੇ ਵੀ ਅਕੇਵਾਂ ਮਹਿਸੂਸ ਨਹੀਂ ਕਰਦਾ। ਛੋਟੇ ਛੋਟੇ ਵਾਕ ਆਪਣੇ ਵਿਚ ਡੂੰਘੇ ਅਰਥ ਛੁਪਾਈ ਬੈਠੇ ਮਿਲਦੇ ਹਨ ਅਤੇ ਜਿੱਥੋਂ ਤੱਕ ਸ਼ਬਦਾਂ ਦੇ ਪ੍ਰਯੋਗ ਦਾ ਸੁਆਲ ਹੈ ਪੰਛੀ ਇਕ ਮਾਹਿਰ ਸ਼ਬਦ ਸ਼ਿਲਪੀ ਹੈ। ਜਿੱਥੇ ਜਿਸ ਤਰ੍ਹਾਂ ਦਾ ਅਰਥ ਸੰਚਾਰ ਚਾਹੀਦਾ ਹੈ ਉਹਦੇ ਅਨੁਰੂਪ ਸ਼ਬਦ ਨੂੰ ਵਰਤਣ ਵਿਚ ਉਸਦੀ ਪ੍ਰਤਿਭਾ ਦਾ ਕਮਾਲ ਛੁਪਿਆ ਹੋਇਆ ਹੈ। ਉਹ ਆਪ ਸਾਰੀ ਰਚਨਾ ਵਿਚ ਹਾਜ਼ਰ ਨਾਜ਼ਰ ਵੀ ਰਹਿੰਦਾ ਹੈ ਅਤੇ ਕਿਤੇ ਵੀ ਉਸ ਦੀ ਵਾਧੂ ਹਾਜ਼ਰੀ ਰੜਕਦੀ ਨਹੀਂ। ਕਿਉਂ ਜੁ ਫਲਾਬੇਅਰ ਦਾ ਕਥਨ ਹੈ :

"ਲੇਖਕ ਆਪਣੀ ਰਚਨਾ ਵਿਚ ਇੰਜ ਰਮਿਆ ਹੋਣਾ ਚਾਹੀਦਾ ਹੈ, ਜਿਵੇਂ ਬ੍ਰਹਿਮੰਡ ਵਿਚ ਰੱਬ, ਸਭ ਥਾਂ ਤੇ ਹਾਜ਼ਰ, ਪਰ ਜ਼ਾਹਰ ਕਿਤੇ ਨਹੀਂ। ਕਲਾ ਦੂਜੀ ਕੁਦਰਤ ਹੋਣ ਕਰਕੇ ਇਸਦੇ ਸਿਰਜਣਹਾਰ ਨੂੰ ਉਸੇ ਵਿਧੀ ਅਨੁਸਾਰ ਹੀ ਕਰਨਾ ਚਾਹੀਦਾ ਹੈ, ਹਰੇਕ ਕਣ ਹਰੇਕ ਪੱਖ ਵਿਚ ਇਕ ਛੁਪੀ ਹੋਈ ਅਤੇ ਅਸੀਮ ਅਗੰਮਤਾ ਮਹਿਸੂਸ ਹੋਣੀ ਚਾਹੀਦੀ ਹੈ।"

ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦਾ ਚਿਹਰਾ ਮੋਹਰਾ ਕਿਹੋ ਜਿਹਾ ਹੋਵੇਗਾ, ਸ਼ਾਇਦ ਉਸੇ ਲਈ ਹੀ ਇਕ ਵਿਜੋਗੇ ਮਨੁੱਖ ਦੇ ਨੈਣ ਨਕਸ਼ ਉਲੀਕੇ ਹਨ ਪੰਛੀ ਨੇ ਆਪਣੇ ਨਾਵਲ "ਆਪਣੇ ਹਿੱਸੇ ਦੀ ਮਿੱਟੀ ਵਿਚ।" ਇਸ ਨੂੰ ਪੜ੍ਹਨਾ ਹੀ ਨਹੀਂ ਨਿੱਠ ਕੇ ਪੜ੍ਹਨਾ ਬਣਦਾ ਹੈ।

*—ਕਰੀਵਾਲਾ (ਸਿਰਸਾ) ੧੨੫੦੭੫*



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL FOODS PVT. LTD.

***Pinoneer Manufacturer in India of***

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

## *BBL Foods Pvt. LTD.*

*Santosh nagar (X) Roads, Hyderabad-500 059 India*

Ph.:— +91-40-4530680, 82,84 Fax:— +91-40-4530475

*E-mail: amber @hd1. vsnl. net. in*

**Balvinder Pal Singh**
*Manging Director*

**Lakhbir Singh Muchhal** *Director*
**Bakhshish Singh Muchhal** *Direct*





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੬੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**
*(Timber Merchants)*
**Old Railway Road Jalandhar City.**
**Ph. : 58795, 59056**




ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ - ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਰੀ ਪੁਲੀ, ਜਲੰਧਰ ਸ਼ਹਿਰ।

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ।*



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com



ਨਾਮਧਾਰੀ ਸੰਗੀਤ ਕੇਂਦਰ ਜਲੰਧਰ ਵਲੋਂ ੧੦ ਜੂਨ ੨੦੦੧ ਨੂੰ ਸਾਲਾਨਾ ਸੰਗੀਤ ਸਮਾਗਮ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਿਚ ਕੀਤਾ ਗਿਆ। ਇਸ ਅਵਸਰ ਤੇ ਸੰਪਾਦਕ ਵਰਿਆਮ ਸ.ਜਗਦੀਸ਼ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਵਿਸ਼ੇਸ਼ ਸਨਮਾਨ ਮਿਲਣ ਤੇ ਖੁਸ਼ੀ ਪ੍ਰਗਟ ਕੀਤੀ ਗਈ। ਤਸਵੀਰ ਵਿਚ ਖਬਿਓਂ ਸੱਜੇ ਨੂੰ ਪੰਡਿਤ ਰਮਾ ਕਾਂਤ ਜੀ, ਸ੍ਰੀ ਵਰਿੰਦਰ ਕੁਮਾਰ, ਸੰਤ ਬਲਬੀਰ ਸਿੰਘ ਰਾਗੀ, ਪ੍ਰੋ.ਕਿਰਪਾਲ ਸਿੰਘ ਸ. ਜਗਦੀਸ਼ ਸਿੰਘ ਨੂੰ ਸਨਮਾਨਤ ਕਰਦੇ ਹੋਏ ਪ੍ਰਸਿਧ ਸੰਗੀਤਕਾਰ ਪ੍ਰੋ. ਲਛਮਣ ਸਿੰਘ ਸੀਨ, ਸ. ਬਲਵਿੰਦਰ ਸਿੰਘ ਅਤੇ ਪ੍ਰਸਿਧ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ।



ਠੇਕੇਦਾਰ ਦਰਸ਼ਨ ਸਿੰਘ ਸਾਬਕਾ ਪ੍ਰਧਾਨ ਨਾਮਧਾਰੀ ਸੰਗਤ ਜਲੰਧਰ, ਸੰਤ ਚੰਨਣ ਸਿੰਘ, ਸੰਤ ਅਮਰੀਕ ਸਿੰਘ ਸਨਮਾਨ ਕਰਦੇ ਹੋਏ।



ਜਥੇਦਾਰ ਹਜ਼ਾਰਾ ਸਿੰਘ ਜੀ ਅਤੇ ਠੇਕੇਦਾਰ ਗੁਰਬਚਨ ਸਿੰਘ ਬਾਬਾ ਵਿਸ਼ਵਕਰਮਾ ਸਭਾ ਵਲੋਂ ਸੰਪਾਦਕ ਵਰਿਆਮ ਨੂੰ ਸਨਮਾਨਤ ਕਰਦੇ ਹੋਏ



ਸੰਤ ਗੁਰਮੁਖ ਸਿੰਘ ਰਿਕਾਰਡਿਸਟ ਸ੍ਰੀ ਭੈਣੀ ਸਾਹਿਬ ਦੇ ਸਪੁੱਤਰ ਗੁਰਦਿਆਲ ਸਿੰਘ (ਸਿਤਾਰ) ਅਤੇ ਗੁਰਚਰਨ ਸਿੰਘ (ਤਬਲਾ) ਵਿਸ਼ੇਸ਼ ਪ੍ਰੋਗਰਾਮ ਪੇਸ਼ ਕਰਦੇ ਹੋਏ।

Sri Satguru Jagjit Singh Ji eLibrary NamdhariElibrary@gmail.com

Registered No. PB/1017/2001 MONTHLY WARIAM Ladowali Road, Jalandhar 144001
Regd. RNI No. 26453/7 AUGUST, 2001

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ

ਕ੍ਰਿਪਾ ਪਾਤਰ

'ਵਰਿਆਮ'

ਦੇ

25 ਸਾਲਾ ਸ਼ਾਨਾਂ ਮੱਤੇ ਪੰਧ

ਦੀ ਸੰਪੂਰਨਤਾ 'ਤੇ

ਹਾਰਦਿਕ ਵਧਾਈਆਂ



ਦਇਆ ਸਿੰਘ ਮਠਾੜੂ

## ਦਇਆ ਸਿੰਘ ਮਠਾੜੂ

## ਦਾਰਾਸਲਾਮ ਤਨਜ਼ਾਨੀਆ, ਲੰਡਨ-ਯੂ. ਕੇ.

ਐਡੀਟਰ, ਪਿੰਟਰ, ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫ਼ੋਨ-222543, 56289

Sri Satguru Jagjit Singh Ji eLibrary NamdhariElibrary@gmail.com